## ਅਧਿਆਇ 8

# ਬਵਾਂ: ਡੱਡੂ, ਜੂੰਆਂ ਤੇ ਮੱਖਾਂ

ਅਧਿਆਇ 8 ਵਿਚ ਦੂਸਰੀ ਬਵਾ (ਡੱਡੂਆਂ ਦੀ), ਅਤੇ ਤੀਸਰੀ ਬਵਾ (ਜੂੰਆਂ), ਅਤੇ ਚੋਥੀ ਬਵਾ (ਮੱਖਾਂ) ਨੂੰ ਦਰਜ ਕਰਦਾ ਹੈ। ਦੂਸਰੀ ਬਵਾ ਦੇ ਸੰਬੰਧ ਵਿਚ, ਮੂਸਾ ਅਤੇ ਹਾਰੂਨ ਇਸ ਲਈ ਫ਼ਿਰਊਨ ਦੇ ਸਾਹਮਣੇ ਪੇਸ਼ ਹੋਏ ਕਿ ਇਸਰਾਏਲ ਦੇ ਛੁਟਕਾਰੇ ਦੀ ਮੰਗ ਕਰਨ ਅਤੇ ਉਸ ਬਵਾ ਦਾ ਐਲਾਨ ਕਰਨ ਜੋ ਅਜਿਹਾ ਨਾ ਕਰਨ ਦੀ ਸੂਰਤ ਵਿਚ ਆਵੇਗੀ (8:1, 2)। ਮੂਸਾ ਅਤੇ ਹਾਰੂਨ ਨੇ, ਪਰਮੇਸ਼ੁਰ ਦੀ ਸਮੱਰਥ ਦੇ ਦੁਆਰਾ ਡੱਡੂਆਂ ਨੂੰ ਪੈਦਾ ਕੀਤਾ; ਪਰ, ਮਿਸਰੀ ਜਾਦੂਗਰਾਂ ਨੇ ਇਸ ਕਰਤੱਬ ਦੀ ਨਕਲ ਕੀਤੀ (8:3-7)। ਫ਼ਿਰਊਨ ਮੰਨ ਗਿਆ ਅਤੇ ਮੂਸਾ ਅਤੇ ਹਾਰੂਨ ਨੂੰ ਬੁਲਾਇਆ। ਉਸ ਨੇ ਕਿਹਾ ਕਿ ਜੇਕਰ ਉਹ ਬਵਾ ਨੂੰ ਹਟਾ ਦੇਣਗੇ, ਤਾਂ ਉਹ ਲੋਕਾਂ ਨੂੰ ਜਾਣ ਦੇਵੇਗਾ। ਸਿੱਟੇ ਵਜੋਂ, ਬਵਾ ਨੂੰ ਹਟਾ ਦਿੱਤਾ ਗਿਆ (8:8-14), ਪਰ ਫ਼ਿਰਊਨ ਨੇ ਆਪਣੇ ਦਿਲ ਨੂੰ ਕਠੋਰ ਕਰ ਲਿਆ ਅਤੇ ਲੋਕਾਂ ਨੂੰ ਜਾਣ ਤੋਂ ਮਨਾ ਕਰ ਦਿੱਤਾ (8:15)।

ਪਰਮੇਸ਼ੁਰ ਦੇ ਵਚਨ ਦੇ ਅਨੁਸਾਰ, ਮੂਸਾ ਅਤੇ ਹਾਰੂਨ ਨੇ ਜੂੰਆਂ ਨੂੰ ਪੈਦਾ ਕੀਤਾ ਜੋ ਸਾਰੇ ਦੇਸ ਵਿਚ ਫੈਲ ਗਈਆਂ। ਜਾਦੂਗਰਾਂ ਨੂੰ ਯਕੀਨ ਹੋ ਗਿਆ ਕਿ ਇਹ ਨਿਸ਼ਾਨ "ਪਰਮੇਸ਼ੁਰ ਦੀ ਉਂਗਲ" ਦੇ ਦੁਆਰਾ ਕੀਤਾ ਗਿਆ ਸੀ। ਪਰ, ਫ਼ਿਰਊਨ ਕਠੋਰ ਬਣਿਆ ਰਿਹਾ ਅਤੇ ਇਸਰਾਏਲ ਨੂੰ ਮਿਸਰ ਵਿਚੋਂ ਭੇਜਣਾ ਨਹੀਂ ਚਾਹੁੰਦਾ ਸੀ (8:16-19)।

ਅਗਲੀ ਬਵਾ ਤੋਂ ਪਹਿਲਾਂ, ਮੂਸਾ ਫ਼ਿਰਊਨ ਦੇ ਸਾਹਮਣੇ ਗਿਆ ਅਤੇ ਉਸ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹ ਇਸਰਾਏਲੀਆਂ ਨੂੰ ਨਹੀਂ ਜਾਣ ਦੇਵੇਗਾ ਤਾਂ ਮੱਖਾਂ ਦੇ ਝੁੰਡ ਮਿਸਰ ਨੂੰ ਮੁਸੀਬਤ ਵਿਚ ਪਾ ਦੇਣਗੇ। ਉਸ ਨੇ ਜੋੜਿਆ ਕਿ ਪਰਮੇਸ਼ੁਰ ਮਿਸਰ ਅਤੇ ਇਸਰਾਏਲ ਵਿਚ ਫਰਕ ਕਰੇਗਾ: ਗੋਸ਼ਨ, ਉਹ ਧਰਤੀ ਜਿੱਥੇ ਇਸਰਾਏਲੀ ਰਹਿੰਦੇ ਸਨ, ਬਵਾ ਦਾ ਅਨੁਭਵ ਨਹੀਂ ਕਰੇਗੀ। ਮੂਸਾ ਦੇ ਕਹਿਣ ਅਨੁਸਾਰ, ਪਰਮੇਸ਼ੁਰ ਨੇ ਬਵਾ ਭੇਜੀ (8:20-24)। ਫ਼ਿਰਊਨ ਨੇ, ਪਹਿਲਾਂ ਇਹ ਸੁਝਾਅ ਦਿੰਦੇ ਹੋਏ ਕਿ ਇਸਰਾਏਲ ਏਸੇ ਦੇਸ ਵਿਚ ਬੰਦਗੀ ਕਰੇ, ਮੂਸਾ ਨਾਲ ਸੌਦਾਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ। ਫਿਰ, ਉਸ ਨੇ ਇਸਰਾਏਲ ਦੇ ਲਈ ਇਜਾਜ਼ਤ ਦਿੱਤੀ ਕਿ ਉਹ ਬਲੀਆਂ ਚੜ੍ਹਾਉਣ ਦੇ ਲਈ ਬਹੁਤ ਦੂਰ ਨਾ ਜਾਣ (8:25-29)। ਮੱਖਾਂ ਦੇ ਝੁੰਡਾਂ ਦੇ ਚਲੇ ਜਾਣ ਤੋਂ ਬਾਅਦ, ਫ਼ਿਰਊਨ ਨੇ ਦੁਬਾਰਾ ਆਪਣੇ ਮਨ ਨੂੰ ਕਠੋਰ ਕਰ ਲਿਆ ਅਤੇ ਲੋਕਾਂ ਨੂੰ ਭੇਜਣ ਤੋਂ ਇਨਕਾਰ ਕਰ ਦਿੱਤਾ (8:30-32)।

## ਡੱਡੂਆਂ ਦੀ ਬਵਾ (8:1-15)

### ਡੱਡੂਆਂ ਨੇ ਮਿਸਰ ਨੂੰ ਢੱਕ ਲਿਆ (8:1-7)

**[1]ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, ਫ਼ਿਰਊਨ ਕੋਲ ਜਾਕੇ ਉਸ ਨੂੰ ਆਖ ਕਿ ਯਹੋਵਾਹ ਐਉਂ ਫ਼ਰਮਾਉਂਦਾ ਹੈ, ਮੇਰੀ ਪਰਜਾ ਨੂੰ ਜਾਣ ਦੇਹ ਤਾਂ ਜੋ ਉਹ ਮੇਰੀ ਉਪਾਸਨਾ ਕਰੇ। [2]ਅਰ ਜੇ ਤੂੰ ਉਨ੍ਹਾਂ ਦੇ ਘੱਲਣ ਤੋਂ ਮੁੱਕਰ ਜਾਏਂ ਤਾਂ ਵੇਖ ਮੈਂ ਤੇਰੀਆਂ ਸਾਰੀਆਂ ਹੱਦਾਂ ਡੱਡੂਆਂ ਨਾਲ ਮਾਰਾਂਗਾ। [3]ਸੋ ਦਰਿਆ**

**ਡੱਡੂਆਂ ਦੇ ਕਟਕਾਂ ਨਾਲ ਭਰ ਜਾਵੇਗਾ ਅਤੇ ਓਹ ਚੜ੍ਹਨਗੇ ਅਰ ਤੇਰੇ ਮਹਿਲ ਵਿੱਚ ਅਰ ਤੇਰੇ ਸੌਣ
ਦੀ ਅਟਾਰੀ ਵਿੱਚ ਅਰ ਤੇਰੀ ਛੇਜ ਉੱਤੇ ਅਤੇ ਤੇਰੇ ਟਹਿਲੂਆਂ ਦੇ ਘਰਾਂ ਵਿੱਚ ਅਤੇ ਤੇਰੀ ਰਈਅਤ
ਵਿੱਚ ਅਤੇ ਤੇਰੇ ਤੰਦੂਰਾਂ ਵਿੱਚ ਅਤੇ ਤੇਰੇ ਗੁੰਨ੍ਹਣ ਦਿਆਂ ਪਰਾਤੜਿਆਂ ਵਿੱਚ ਆਉਣਗੇ। 4ਸੋ ਡੱਡੂ
ਤੇਰੇ ਉੱਤੇ, ਤੇਰੀ ਰਈਅਤ ਉੱਤੇ ਅਰ ਤੇਰੇ ਸਾਰੇ ਟਹਿਲੂਆਂ ਉੱਤੇ ਚੜ੍ਹਨਗੇ। ਫੇਰ ਯਹੋਵਾਹ ਨੇ ਮੂਸਾ
ਨੂੰ ਆਖਿਆ, ਹਾਰੂਨ ਨੂੰ ਆਖ ਕਿ। 5ਉਹ ਆਪਣਾ ਹੱਥ ਆਪਣੇ ਢਾਂਗੇ ਨਾਲ ਨਦੀਆਂ ਉੱਤੇ
ਦਰਿਆਵਾਂ ਉੱਤੇ ਤਲਾਬਾਂ ਉੱਤੇ ਪਸਾਰੇ ਅਰ ਡੱਡੂਆਂ ਨੂੰ ਮਿਸਰ ਦੇਸ ਉੱਤੇ ਚੜ੍ਹਾ ਦੇਵੇ। 6ਤਾਂ ਹਾਰੂਨ
ਨੇ ਆਪਣਾ ਹੱਥ ਮਿਸਰ ਦੇ ਪਾਣੀਆਂ ਉੱਤੇ ਪਸਾਰਿਆ ਤਾਂ ਡੱਡੂ ਚੜ੍ਹ ਆਏ ਅਰ ਮਿਸਰ ਦੇਸ ਨੂੰ
ਢੱਕ ਲਿਆ। 7ਤਾਂ ਜਾਦੂਗਰਾਂ ਨੇ ਆਪਣੇ ਮੰਤ੍ਰਾਂ ਜੰਤ੍ਰਾਂ ਨਾਲ ਓਵੇਂ ਹੀ ਕੀਤਾ ਅਰ ਮਿਸਰ ਦੇਸ ਉੱਤੇ
ਡੱਡੂ ਚੜ੍ਹਾ ਲਿਆਏ।**

**ਆਇਤਾਂ 1, 2.** ਦੂਸਰੀ ਬਵਾ ਦਾ ਬਿਰਤਾਂਤ ਦੱਸਦਾ ਹੈ ਕਿ ਮੂਸਾ ਨੇ **ਫ਼ਿਰਊਨ** ਨੂੰ ਕੀ ਕਹਿਣਾ ਸੀ ਪਰ ਮਿਸਰ ਦੇ ਰਾਜੇ ਦੇ ਨਾਲ ਮੂਸਾ ਦੀ ਅਸਲੀ ਮੁਲਾਕਾਤ ਨੂੰ ਦਰਜ ਨਹੀਂ ਕਰਦਾ ਹੈ। **ਯਹੋਵਾਹ** ਨੇ ਕਿਹਾ ਕਿ ਦੂਸਰੀ ਬਵਾ ਇੱਕ ਅਪੀਲ ਨਾਲ - **ਮੇਰੀ ਪਰਜਾ ਨੂੰ ਜਾਣ ਦੇਹ** - ਅਤੇ ਇੱਕ ਧਮਕੀ ਨਾਲ ਸ਼ੁਰੂ ਕੀਤੀ ਜਾਣੀ ਸੀ - **ਅਰ ਜੇ ਤੂੰ ਉਨ੍ਹਾਂ ਦੇ ਘੱਲਣ ਤੋਂ ਮੁੱਕਰ ਜਾਏਂ ਤਾਂ ਵੇਖ ਮੈਂ ਤੇਰੀਆਂ ਸਾਰੀਆਂ ਹੱਦਾਂ ਡੱਡੂਆਂ ਨਾਲ ਮਾਰਾਂਗਾ।** ਕਿਰਿਆ "ਮਾਰਾਂਗਾ" (נָגַף, *ਨਾਗਾਪ)* ਕਈ ਵਾਰ ਇੱਕ ਮੁੱਕੇ ਨੂੰ ਦਰਸਾਉਂਦਾ ਹੈ ਜੋ ਗੰਭੀਰ ਸੱਟ ਮਾਰਦਾ ਜਾਂ ਇੱਥੋਂ ਤਕ ਕਿ ਮੌਤ ਦਾ ਕਾਰਨ ਬਣਦਾ ਹੈ। ਇਸ ਦਾ ਇਸਤੇਮਾਲ ਯੁੱਧ ਵਿਚ ਸੈਨਾ ਦੀ ਭਾਰੀ ਹਾਰ ਦੇ ਲਈ ਵੀ ਕੀਤਾ ਜਾਂਦਾ ਹੈ। ਪੁਰਾਤਨ ਮਿਸਰ ਵਿਚ, "ਡੱਡੂਆਂ" ਨੂੰ ਦੇਵੀ ਹੇਕੇਟ (ਜਾਂ ਹਾਕੇਟ), ਜਿਸ ਦੇ ਬਾਰੇ ਮੰਨਿਆ ਜਾਂਦਾ ਸੀ ਕਿ ਉਹ ਬੱਚੇ ਦੇ ਜਨਮ ਦੇ ਸਮੇਂ ਇਸਤਰੀਆਂ ਦੀ ਮਦਦ ਕਰਦੀ ਹੈ। ਇਸਤਰੀਆਂ ਇਸ ਦੀ ਤਸਵੀਰ ਵਾਲੇ ਤਾਵੀਤ ਪਾਉਂਦੀਆਂ ਸਨ ਤਾਂ ਕਿ ਜਨਮ ਦੇਣ ਦੇ ਸਮੇਂ ਉਨ੍ਹਾਂ ਦੀ ਰਾਖੀ ਕਰੇ। ਮਦਦ ਦਾ ਪ੍ਰਤੀਕ ਹੋਣ ਦੀ ਬਜਾਇ, ਡੱਡੂ ਮਿਸਰ ਦੇ ਸਮਾਜ ਦੇ ਲਈ ਵਿਨਾਸਕਾਰੀ ਖਤਰਾ ਬਣ ਜਾਣਗੇ।

**ਆਇਤਾਂ 3, 4.** ਬਵਾ ਦੇ ਪ੍ਰਭਾਵ ਨੂੰ ਸਪੱਸ਼ਟ ਤੌਰ ਤੇ ਵਰਣਨ ਕੀਤਾ ਗਿਆ ਹੈ। **ਡੱਡੂ** ਫ਼ਿਰਊਨ ਦੇ ਘਰ ਅਤੇ **ਸੌਣ ਦੀ ਅਟਾਰੀ** ਵਿਚ, ਉਸ ਦੀ **ਛੇਜ** ਤੇ, ਅਤੇ [ਉਸ ਦੇ] **ਟਹਿਲੂਆਂ** ["ਟਹਿਲੂਆਂ"; NIV] **ਦੇ ਘਰਾਂ** ਵਿਚ ਅਤੇ ਉਸ ਦੀ ਬਾਕੀ **ਰਈਅਤ**, ਮਿਸਰੀਆਂ ਦੇ ਘਰਾਂ ਵਿਚ ਪਾਏ ਜਾਣਗੇ। ਉਹ ਪੂਰੇ ਦੇਸ ਵਿਚ **ਤੰਦੂਰਾਂ** ਅਤੇ **ਗੁੰਨ੍ਹਣ ਦਿਆਂ ਪਰਾਤੜਿਆਂ** ਨੂੰ ਗੰਦਾ ਕਰਣਗੇ। ਅਜਿਹੀ ਨਿਜੀ ਸਥਾਨਾਂ ਦਾ ਉਲੇਖ ਕਰਕੇ, ਲੇਖਕ ਨੇ ਜ਼ੋਰ ਦਿੱਤਾ ਹੈ ਕਿ ਕੋਈ ਵੀ ਉਨ੍ਹਾਂ ਦੀ ਗੰਦਗੀ ਤੋਂ ਬਚ ਨਹੀਂ ਸਕੇਗਾ।

ਪੁਰਾਤਨ "ਤੰਦੂਰ" ਜ਼ਿਆਦਾਤਰ ਰੋਟੀ ਪਕਾਉਣ ਦੇ ਲਈ ਵਰਤੇ ਜਾਂਦੇ ਸਨ। ਉਹ ਮਿੱਟੀ ਦੇ ਬਣੇ ਹੁੰਦੇ ਸਨ ਅਤੇ ਉਨ੍ਹਾਂ ਦਾ ਆਕਾਰ ਇੱਕ ਸਿਲੰਡਰ ਜਾਂ ਇੱਕ ਆਂਡੇ ਵਰਗਾ ਹੁੰਦਾ ਸੀ। ਤੰਦੂਰਾਂ ਨੂੰ ਅੰਦਰ ਜਾਂ ਬਾਹਰ, ਜ਼ਮੀਨ ਉੱਤੇ ਜਾਂ ਉੱਪਰ ਰੱਖਿਆ ਜਾ ਸਕਦਾ ਸੀ।[1] "ਗੁੰਨਣ ਦੇ ਡੂੰਘੇ" ਜਾਂ "ਗੁੰਨ੍ਹਣ ਦੇ ਪਰਾਤੜੇ" (NIV) ਰੋਟੀ ਬਣਾਉਣ ਦੇ ਲਈ ਪਾਣੀ ਅਤੇ ਆਟੇ ਨੂੰ ਮਿਲਾਉਣ ਲਈ ਇਸਤੇਮਾਲ ਕੀਤੇ ਜਾਂਦੇ ਸਨ। ਇਹ ਖਾਣਾ ਪਕਾਉਣ ਦੇ ਭਾਂਡੇ ਆਕਾਰ ਵਿਚ ਵੱਡੇ ਹੋ ਸਕਦੇ ਹਨ, ਇੱਕ ਪ੍ਰਾਚੀਨ ਫੋਨੀਸ਼ੀਅਨ ਇਸਤਰੀ ਦੀ ਮਿੱਟੀ ਦੀ ਮੂਰਤੀ ਦੇ ਦੁਆਰਾ ਜੋ ਆਟਾ ਗੁੰਨ੍ਹ ਰਹੀ ਹੈ ਇਸ ਤੱਥ ਨੂੰ ਦਰਸਾਇਆ ਗਿਆ ਹੈ (ਨੌਵੀਂ ਤੋਂ ਛੇਵੀਂ ਸ਼ਤਾਬਦੀ ਈਸਾ ਪੂਰਵ)।[2] ਪਰ, ਇਸਰਾਏਲੀਆਂ ਦੁਆਰਾ ਵਰਤੇ ਗਏ ਕੁੰਡ ਦੀ ਕਿਸਮ "ਇਕ ਛੋਟਾ, ਹਲਕਾ ਲੱਕੜੀ ਦਾ ਬਕਸਾ ਹੁੰਦਾ ਹੋਵੇਗਾ, ਕਿਉਂਕਿ ਇਸ ਨੂੰ ਕੱਪੜੇ ਵਿਚ ਬੰਨ੍ਹਿਆ ਜਾ ਸਕਦਾ ਸੀ ਅਤੇ ਮੋਢਿਆਂ ਤੇ ਚੁੱਕਿਆ ਜਾ ਸਕਦਾ ਸੀ (ਕੂਚ 12:34)।"[3]

**ਆਇਤਾਂ 5-7.** ਕਿਉਂਕਿ ਮੂਸਾ ਦੀਆਂ ਮੰਗਾਂ ਦੇ ਲਈ ਮੂਸਾ ਦੀ ਕੋਈ ਪ੍ਰਤਿਕਿਰਿਆ ਨਹੀਂ ਸੀ,

ਇਸ ਲਈ ਪਾਠਕ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਰਾਜੇ ਨੇ ਦੁਬਾਰਾ ਇਸਰਾਏਲ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ। ਜੋ ਨਿਸ਼ਚਤ ਹੈ ਉਹ ਇਹ ਹੈ ਕਿ ਪ੍ਰਭੂ ਨੇ ਹਾਰੂਨ ਨੂੰ ਕਿਹਾ **ਆਪਣਾ ਹੱਥ ਪਸਾਰੇ** (ਵੇਖੋ 7:19), ਅਤੇ ਨਤੀਜਾ ਸੀ ਕਿ **ਡੱਡੂ ਚੜ੍ਹ ਆਏ ਅਰ ਮਿਸਰ ਦੇਸ ਨੂੰ ਢੱਕ ਲਿਆ**। ਪਰ, ਸ਼ਾਇਦ **ਜਾਦੂਗਰ** ਆਪਣੇ ਮੰਤ੍ਰਾਂ ਜੰਤ੍ਰਾਂ ਨਾਲ, ਕੁਝ ਹੱਦ ਤਕ ਉਸ ਚਮਤਕਾਰ ਦੀ ਨਕਲ ਕਰ ਸਕਦੇ ਸਨ ਜੋ ਪਰਮੇਸ਼ੁਰ ਨੇ ਹਾਰੂਨ ਦੇ ਦੁਆਰਾ ਕੀਤਾ ਸੀ।

### ਡੱਡੂ ਮਰ ਕੇ ਖ਼ਤਮ ਹੋ ਗਏ (8:8-15)

**8ਤਾਂ ਫ਼ਿਰਊਨ ਨੇ ਮੂਸਾ ਅਤੇ ਹਾਰੂਨ ਨੂੰ ਬੁਲਾਕੇ ਆਖਿਆ, ਯਹੋਵਾਹ ਦੇ ਅੱਗੇ ਬੇਨਤੀ ਕਰੋ
ਤਾਂ ਜੋ ਉਹ ਡੱਡੂਆਂ ਨੂੰ ਮੈਥੋਂ ਅਤੇ ਮੇਰੀ ਰਈਅਤ ਤੋਂ ਝਾੜ ਸੁੱਟੇ। ਮੈਂ ਜਰੂਰ ਲੋਕਾਂ ਨੂੰ ਜਾਣ ਦੇਵਾਂਗਾ
ਤਾਂ ਜੋ ਓਹ ਯਹੋਵਾਹ ਲਈ ਬਲੀ ਚੜ੍ਹਾਉਣ। 9ਤਾਂ ਮੂਸਾ ਨੇ ਫ਼ਿਰਊਨ ਨੂੰ ਆਖਿਆ, ਕਿਰਪਾ ਕਰ
ਕੇ ਮੈਨੂੰ ਦੱਸੋ ਕਿ ਮੈਂ ਕਦ ਤੋਂ ਤੁਹਾਡੇ ਅਤੇ ਤੁਹਾਡੇ ਟਹਿਲੂਆਂ ਅਤੇ ਤੁਹਾਡੀ ਰਈਅਤ ਲਈ ਬੇਨਤੀ
ਕਰਾਂ ਤਾਂ ਜੋ ਡੱਡੂ ਤੁਹਾਥੋਂ ਅਰ ਤੁਹਾਡੇ ਘਰਾਂ ਤੋਂ ਹਟਾਏ ਜਾਣ ਅਰ ਦਰਿਆ ਦੇ ਵਿੱਚ ਹੀ ਰਹਿਣ?
10ਉਸ ਆਖਿਆ ਭਲਕੇ ਤੋਂ। ਤਾਂ ਉਸ ਆਖਿਆ, ਤੁਹਾਡੇ ਆਖੇ ਦੇ ਅਨੁਸਾਰ ਹੀ ਹੋਵੇਗਾ ਤਾਂ ਜੋ
ਤੁਸੀਂ ਜਾਣ ਲਓ ਕਿ ਸਾਡੇ ਪਰਮੇਸ਼ੁਰ ਯਹੋਵਾਹ ਵਰਗਾ ਕੋਈ ਨਹੀਂ। 11ਅਰ ਡੱਡੂ ਤੁਹਾਥੋਂ ਅਤੇ
ਤੁਹਾਡੇ ਘਰਾਂ ਤੋਂ ਅਤੇ ਤੁਹਾਡੇ ਟਹਿਲੂਆਂ ਤੋਂ ਅਤੇ ਤੁਹਾਡੀ ਰਈਅਤ ਤੋਂ ਚੱਲਦੇ ਹੋਣਗੇ। ਓਹ ਕੇਵਲ
ਦਰਿਆ ਵਿੱਚ ਹੀ ਰਹਿਣਗੇ। 12ਤਾਂ ਮੂਸਾ ਅਤੇ ਹਾਰੂਨ ਫ਼ਿਰਊਨ ਕੋਲੋਂ ਬਾਹਰ ਨੂੰ ਗਏ ਅਤੇ ਮੂਸਾ
ਨੇ ਉਨ੍ਹਾਂ ਡੱਡੂਆਂ ਦੇ ਬਾਰੇ ਜਿਹੜੇ ਉਹ ਫ਼ਿਰਊਨ ਉੱਤੇ ਚੜ੍ਹਾ ਲਿਆਇਆ ਸੀ ਯਹੋਵਾਹ ਦੇ ਅੱਗੇ
ਦੁਹਾਈ ਦਿੱਤੀ। 13ਤਾਂ ਯਹੋਵਾਹ ਨੇ ਮੂਸਾ ਦੇ ਆਖਣ ਦੇ ਅਨੁਸਾਰ ਕੀਤਾ ਅਰ ਡੱਡੂ ਘਰਾਂ ਅਤੇ
ਵੇਹੜਿਆਂ ਅਤੇ ਖੇਤਾਂ ਵਿੱਚੋਂ ਮੁੱਕ ਗਏ। 14ਤਾਂ ਉਨ੍ਹਾਂ ਨੇ ਓਹ ਇਕੱਠੇ ਕਰ ਕੇ ਢੇਰਾਂ ਦੇ ਢੇਰ ਲਾ ਦਿੱਤੇ
ਸੋ ਧਰਤੀ ਉੱਤੇ ਸੜਿਆਹਣ ਹੋ ਗਈ। 15ਪਰ ਜਿਵੇਂ ਯਹੋਵਾਹ ਬੋਲਿਆ ਸੀ, ਜਾਂ ਫ਼ਿਰਊਨ ਡਿੱਠਾ
ਭਈ ਸਬਿਹਤਾ ਹੋ ਗਿਆ ਹੈ ਤਾਂ ਆਪਣਾ ਮਨ ਪੱਥਰ ਕਰ ਲਿਆ ਅਰ ਉਨ੍ਹਾਂ ਦੀ ਨਾ ਸੁਣੀ।**

**ਆਇਤ 8.** ਜੇ ਜਾਦੂਗਰਾਂ ਨੇ ਫ਼ਿਰਊਨ ਨੂੰ ਇਹ ਯਕੀਨ ਦਿਵਾਉਣ ਦੀ ਆਸ ਕੀਤੀ ਹੁੰਦੀ ਕਿ ਉਹ ਮੂਸਾ ਅਤੇ ਹਾਰੂਨ ਦੇ ਵਾਂਗ ਚਮਤਕਾਰ ਕਰਨ ਦੇ ਯੋਗ ਹਨ, ਤਾਂ ਉਨ੍ਹਾਂ ਨੇ ਹੋਰ ਡੱਡੂ ਪੈਦਾ ਕਰਨ ਦਾ ਦਾਅਵਾ ਕਰਨ ਦੀ ਬਜਾਇ ਡੱਡੂਆਂ ਨੂੰ ਹਟਾਉਣ ਦੀ ਆਪਣੀ ਸਮੱਰਥਾ ਦਾ ਪ੍ਰਦਰਸ਼ਣ ਕਰਨਾ ਸੀ। ਫ਼ਿਰਊਨ ਨੇ ਵੇਖਿਆ ਕਿ, ਉਨ੍ਹਾਂ ਦੇ ਮੰਤ੍ਰਾਂ ਜੰਤ੍ਰਾਂ ਅਤੇ ਚਾਲਬਾਜ਼ੀ ਦੇ ਬਾਵਜੂਦ, ਉਹ ਬਵਾ ਨੂੰ ਦੂਰ ਕਰਨ ਦੇ ਲਈ ਆਪਣੇ ਜਾਦੂਗਰਾਂ ਤੇ ਨਿਰਭਰ ਨਹੀਂ ਕਰ ਸਕਦਾ ਸੀ। ਇਸ ਲਈ, ਉਸ ਨੇ **ਮੂਸਾ ਅਤੇ ਹਾਰੂਨ** ਨੂੰ ਆਪਣੇ ਸਾਹਮਣੇ ਆਉਣ ਦੇ ਲਈ ਸੱਦਿਆ ਅਤੇ ਮੂਸਾ ਨੂੰ ਕਿਹਾ ਕਿ **ਯਹੋਵਾਹ ਦੇ ਅੱਗੇ ਬੇਨਤੀ ਕਰੋ ਤਾਂ ਜੋ ਉਹ ਡੱਡੂਆਂ ਨੂੰ ਝਾੜ ਸੁੱਟੇ**। ਉਹ ਮੰਨ ਗਿਆ ਕਿ ਉਹ **ਜ਼ਰੂਰ ਲੋਕਾਂ ਨੂੰ ਜਾਣ ਦੇਵਾਂਗਾ ਤਾਂ ਜੋ ਓਹ ਯਹੋਵਾਹ ਲਈ ਬਲੀ ਚੜ੍ਹਾਉਣ**। ਫ਼ਿਰਊਨ ਦਾ ਰਵੱਈਆ ਪਹਿਲਾਂ ਤੋਂ ਹੀ ਉਸ ਤੋਂ ਬਦਲ ਚੁੱਕਾ ਸੀ ਜਦੋਂ ਉਸ ਨੇ ਪੁੱਛਿਆ ਸੀ, "ਯਹੋਵਾਹ ਕੌਣ ਹੈ ... ?" (5:2); ਪਰ ਉਹ ਹੁਣ ਵੀ ਆਤਮ ਸਮਰਪਣ ਦੇ ਉਸ ਬਿੰਦੂ ਤਕ ਨਹੀਂ ਪਹੁੰਚਿਆ ਸੀ ਜਿਸ ਦੇ ਉੱਤੇ ਉਹ ਕਹਾਣੀ ਵਿਚ ਬਾਅਦ ਵਿਚ ਪਹੁੰਚੇਗਾ (12:32)।

**ਆਇਤਾਂ 9, 10. ਮੂਸਾ** ਨੇ **ਫ਼ਿਰਊਨ** ਨੂੰ ਇਹ ਚੁਣਨ ਦਾ ਮੌਕਾ ਦਿੱਤਾ ਕਿ ਡੱਡੂਆਂ ਦੀ ਬਵਾ ਕਦੋਂ ਖਤਮ ਹੋਵੇ। ਜਦੋਂ ਫ਼ਿਰਊਨ ਨੇ ਉਸ ਸਟੀਕ ਸਮੇਂ ਦਾ ਨਾਮ ਲਿਆ (**ਭਲਕੇ ਤੋਂ**) ਤਾਂ ਉਸ ਸਟੀਕ ਸਮੇਂ ਤੇ ਬਵਾ ਨੂੰ ਹਟਾ ਦਿੱਤਾ ਗਿਆ ਸੀ, ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਬਵਾ **ਯਹੋਵਾਹ** ਦੇ ਦੁਆਰਾ ਹੀ ਭੇਜੀ ਗਈ ਸੀ ਅਤੇ ਫਿਰ ਇਸਰਾਏਲ ਦੇ **ਪਰਮੇਸ਼ੁਰ ਯਹੋਵਾਹ** ਦੇ ਦੁਆਰਾ ਹੀ ਹਟਾ ਦਿੱਤੀ ਗਈ ਸੀ। ਫਿਰ ਰਾਜੇ ਨੂੰ, ਇਹ ਸਮਝਦੇ ਹੋਏ ਕਿ ਉਸ ਦੇ **ਵਰਗਾ ਕੋਈ ਨਹੀਂ** ਹੈ,

ਯਹੋਵਾਹ ਦੀ ਵਿਲੱਖਣ ਸਮੱਰਥ ਤੇ ਯਕੀਨ ਹੋ ਜਾਣਾ ਚਾਹੀਦਾ ਸੀ।

**ਆਇਤ 11.** ਮੂਸਾ ਨੇ ਫ਼ਿਰਊਨ ਨੂੰ ਭਰੋਸਾ ਦਿਵਾਇਆ ਕਿ **ਡੱਡੂ** ਉਸ ਤੋਂ, ਉਸ ਦੇ ਅਧਿਕਾਰਿਆਂ ਤੋਂ, ਅਤੇ ਮਿਸਰੀ ਲੋਕਾਂ ਤੋਂ ਦੂਰ ਹੋ ਜਾਣਗੇ; **ਓਹ ਕੇਵਲ ਦਰਿਆ ਵਿੱਚ ਹੀ ਰਹਿਣਗੇ।** ਇਹ ਦਰਿਆ ਇਨ੍ਹਾਂ ਪ੍ਰਾਣੀਆਂ ਦੇ ਲਈ ਇਕ ਕੁਦਰਤੀ ਨਿਵਾਸ ਵਜੋਂ ਕੰਮ ਕਰਦਾ ਹੈ। ਨਦੀ ਦਰਿਆ ਵਿਚ ਸਾਲਾਨਾ ਹੜ੍ਹਾਂ ਦੇ ਕਾਰਣ ਮਿਸਰ ਵਿਚ ਡੱਡੂਆਂ ਦੀ ਸੰਖਿਆ ਬਹੁਤ ਜ਼ਿਆਦਾ ਵੱਧ ਗਈ ਸੀ; ਪਿੱਛੇ ਹਟ ਜਾਣ ਵਾਲੇ ਪਾਣੀ ਨੇ ਪਾਣੀ ਦੇ ਤਲਾਬਾਂ ਨੂੰ ਰਹਿਣ ਦਿੱਤਾ ਜੋ ਉਨ੍ਹਾਂ ਲਈ ਪ੍ਰਜਨਨ ਭੂਮੀ ਦੇ ਰੂਪ ਵਿਚ ਕੰਮ ਕਰਦੇ ਸਨ।

**ਆਇਤਾਂ 12-14. ਮੂਸਾ ਅਤੇ ਹਾਰੂਨ** ਦੇ **ਫ਼ਿਰਊਨ** ਕੋਲੋਂ ਚਲੇ ਜਾਣ ਤੋਂ ਬਾਅਦ, ਮੂਸਾ ਨੇ **ਉਨ੍ਹਾਂ ਡੱਡੂਆਂ** ਨੂੰ ਦੂਰ ਕਰਨ ਦੇ ਲਈ **ਯਹੋਵਾਹ** ਦੇ ਅੱਗੇ ਦੁਹਾਈ ਦਿੱਤੀ। **ਯਹੋਵਾਹ** ਨੇ ਮੂਸਾ ਦੀ ਬੇਨਤੀ ਨੂੰ ਸੁਣਿਆ ਅਤੇ **ਮੂਸਾ ਦੇ ਆਖਣ ਦੇ ਅਨੁਸਾਰ ਕੀਤਾ**,[4] ਵਿਆਖਿਆ ਕਰਦਾ ਹੈ ਕਿ, ਜਿਵੇਂ ਯਾਕੂਬ ਨੇ ਕਿਹਾ ਸੀ, "ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ" (ਯਾਕੂਬ 5:16)।

ਪਰ, ਬਵਾ ਨੂੰ ਦੂਰ ਕਰਨਾ ਬਵਾ ਦੇ ਵਾਂਗ ਹੀ ਬੁਰਾ ਲੱਗਦਾ ਸੀ। ਵਾਲਟਰ ਸੀ. ਕੇਸਰ, ਜੂਨੀਅਰ ਨੇ ਕਿਹਾ, "ਇਹ 'ਰਾਹਤ' [הָֽרְוָ֔חָה, *ਰੇਵਚਾਹ;* 8:15] ਇਸ ਘਮੰਡੀ ਰਾਜੇ ਦੇ ਲਈ ਬਵਾ ਤੋਂ ਵੀ ਬਦਤਰ ਸੀ।"[5] ਖਿਝਾਉਣ ਵਾਲੇ ਡੱਡੂ ਸਿਰਫ ਉੱਛਲ ਕੇ ਦਰਿਆ ਵਿਚ ਵਾਪਸ ਨਹੀਂ ਗਏ ਸਨ। ਬਲਕਿ, ਉਹ ਜਿੱਥੇ ਵੀ ਸਨ ਉੱਥੇ ਹੀ ਮਰ ਗਏ - **ਘਰਾਂ, ਵੇਹੜਿਆਂ, ਅਤੇ ਖੇਤਾਂ** ਵਿਚ। ਸਫ਼ਾਈ ਕਰਨ ਦੀ ਕੋਸ਼ਿਸ਼ ਵਿਚ, ਮਿਸਰੀਆਂ ਨੇ **ਓਹ ਇਕੱਠੇ ਕਰ ਕੇ ਢੇਰਾਂ ਦੇ ਢੇਰ ਲਾ ਦਿੱਤੇ।** ਬਵਾ ਦੇ ਬਾਅਦ ਸਿੱਟੇ ਇਸ ਦੇ ਸਭ ਤੋਂ ਬੁਰੇ ਪਹਿਲੂ ਹੋ ਸਕਦੇ ਹਨ: **ਸੋ ਧਰਤੀ ਉੱਤੇ ਸੜਿਆਹਣ ਹੋ ਗਈ।** ਧਰਤੀ ਡੱਡੂਆਂ ਦੇ ਸੜਣ ਦੀ ਬਦਬੂ ਦੇ ਨਾਲ ਭਰ ਗਈ ਸੀ।[6] ਇਹ ਉਹੀ ਭਾਸ਼ਾ ਹੈ ਜੋ ਪਹਿਲਾਂ 7:21 ਵਿਚ ਆਈ ਸੀ ਜਿੱਥੇ ਮੱਛੀਆਂ "ਮਰ ਗਈਆਂ ਅਰ ਦਰਿਆ ਤੋਂ ਸੜਿਆਹਣ ਆਈ।" ਮਿਸਰ ਦੇ ਵਾਸੀਆਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਹੋਵੇ ਭਾਵੇਂ ਨਾ, ਪਰ ਸੜਿਆਹਣ ਦਾ ਕਾਰਣ ਫ਼ਿਰਊਨ ਦਾ ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦੇਣਾ ਸੀ।

**ਆਇਤ 15.** ਫਿਰ ਵੀ, ਬਾਅਦ ਵਿਚ, **ਜਾਂ ਫ਼ਿਰਊਨ ਨੇ ਡਿੱਠਾ ਭਈ ਸਬਿਹਤਾ ਹੋ ਗਿਆ ਹੈ ਤਾਂ ਆਪਣਾ ਮਨ ਪੱਥਰ** [וְהַכְבֵּד֙ אֶת־לִבּ֔וֹ, *ਵੇਹੇਬੇਡ ਏਥਲੀਬੋ* ] **ਕਰ ਲਿਆ।** ਫ਼ਿਰਊਨ ਮਨ ਦੇ ਪੱਥਰ ਹੋ ਜਾਣ ਦੇ ਵਿਸ਼ੇ ਵਿਚ ਦਿੱਤੇ ਗਏ ਬਿਆਨਾਂ ਵਿਚ, ਵੱਖੋ ਵੱਖ ਅਰਥਾਂ ਦੇ ਨਾਲ, ਤਿੰਨ ਇਬਰਾਨੀ ਕਿਰਿਆਵਾਂ ਵਰਤੀਆਂ ਜਾਂਦੀਆਂ ਹਨ। ਇਕ ਅਕਸਰ ਵਰਤਿਆ ਜਾਣ ਵਾਲਾ ਸ਼ਬਦ, ਜਿਸ ਦਾ ਇਸਤੇਮਾਲ ਇੱਥੇ 15 ਵੀਂ ਆਇਤ ਵਿਚ ਕੀਤਾ ਗਿਆ ਹੈ, ਉਹ כָּבֵד (*ਕਾਬੇਡ*) ਹੈ, ਜਿਸ ਦਾ ਅਰਥ ਹੈ "ਭਾਰੀ ਹੋਣਾ।" ਦੂਸਰੀ ਕਿਰਿਆ ਜੋ ਆਮ ਤੌਰ ਤੇ ਆਉਂਦੀ ਹੈ ਉਹ חָזָק *(ਚਜ਼ਾਕ)* ਹੈ, ਜਿਸ ਦਾ ਅਰਥ "ਹੋਰ ਕਠੋਰ" ਹੋਣਾ। ਆਇਤ 7:3 ਅਤੇ 13:15 ਵਿਚ, ਅਸਲ ਵਿਚ ਸ਼ਬਦ קָשָׁה *(ਕੈਸ਼ਾਹ)* ਹੈ, ਜਿਸ ਦਾ ਅਰਥ "ਸਖ਼ਤ ਬਣਾਉਣਾ" ਹੈ।

ਫ਼ਿਰਊਨ ਦੀ ਜਿੱਦ ਫਿਰ ਤੋਂ ਸਪੱਸ਼ਟ ਹੈ। ਉਸ ਨੇ ਮੂਸਾ ਅਤੇ ਹਾਰੂਨ ਨੂੰ ਚਮਤਕਾਰ ਕਰਦੇ ਵੇਖਿਆ ਸੀ, ਉਸ ਨੇ ਮਿਸਰ ਨੂੰ ਬਵਾਂ ਦੇ ਨਾਲ ਪਰੇਸ਼ਾਨ ਵੇਖਿਆ ਸੀ, ਅਤੇ ਉਸ ਨੇ ਵੇਖਿਆ ਸੀ ਕਿ ਉਸ ਦੇ ਲੋਕ ਉਨ੍ਹਾਂ ਬਵਾਂ ਨਾਲ ਸਤਾਏ ਗਏ ਸਨ। ਫਿਰ ਵੀ, ਜਦੋਂ ਚੈਨ ਮਿਲ ਗਿਆ, ਤਾਂ ਉਹ ਮੂਸਾ ਨਾਲ ਕੀਤੇ ਆਪਣੇ ਵਾਇਦੇ ਨੂੰ ਭੁੱਲ ਗਿਆ ਅਤੇ ਪਰਮੇਸ਼ੁਰ ਦੇ ਲੋਕਾਂ ਨੂੰ ਜਾਣ ਦੇਣ ਤੋਂ ਇਨਕਾਰ ਕਰ ਦਿੱਤਾ। ਫ਼ਿਰਊਨ ਨੇ ਨਾ **ਸੁਣੀ** ਇਹ ਉਸੇ ਤਰ੍ਹਾਂ ਹੀ ਹੋਇਆ ਜਿਵੇਂ ਪਰਮੇਸ਼ੁਰ ਨੇ ਭਵਿੱਖਵਾਣੀ ਕੀਤੀ ਸੀ, ਅਤੇ ਇਹ ਹਾਲਾਤਾਂ ਅਜੇ ਵੀ ਕਾਰਾਗਰ ਹੋਣਗੀਆਂ ਤਾਂ ਕਿ ਪਰਮੇਸ਼ੁਰ ਦੀ ਵਡਿਆਈ ਹੋਵੇ।

## ਜੂੰਆਂ ਦੀ ਬਵਾ (8:16-19)

**[16]ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ ਕਿ ਹਾਰੂਨ ਨੂੰ ਆਖ ਕਿ ਉਹ ਆਪਣਾ ਢਾਂਗਾ ਵਧਾ ਕੇ
ਧਰਤੀ ਦੀ ਧੂੜ ਨੂੰ ਮਾਰੇ ਤਾਂ ਜੋ ਉਹ ਸਾਰੇ ਮਿਸਰ ਦੇਸ ਵਿੱਚ ਜੂੰਆਂ ਬਣ ਜਾਵੇ। [17]ਉਨ੍ਹਾਂ ਨੇ ਓਵੇਂ
ਹੀ ਕੀਤਾ ਅਰ ਹਾਰੂਨ ਨੇ ਆਪਣਾ ਢਾਂਗਾ ਲੈਕੇ ਆਪਣਾ ਹੱਥ ਪਸਾਰਿਆ ਅਰ ਧਰਤੀ ਦੀ ਧੂੜ ਨੂੰ
ਮਾਰਿਆ ਤਾਂ ਆਦਮੀ ਅਤੇ ਡੰਗਰ ਉੱਤੇ ਜੂੰਆਂ ਹੋ ਗਈਆਂ ਅਤੇ ਧਰਤੀ ਦੀ ਧੂੜ ਮਿਸਰ ਦੇ ਸਾਰੇ
ਦੇਸ ਵਿੱਚ ਜੂੰਆਂ ਹੋ ਗਈ। [18]ਤਾਂ ਜਾਦੂਗਰਾਂ ਨੇ ਆਪਣੇ ਮੰਤ੍ਰਾਂ ਜੰਤ੍ਰਾਂ ਨਾਲ ਜਤਨ ਕੀਤਾ ਭਈ ਓਹ
ਜੂੰਆਂ ਲੈ ਆਉਣ ਪਰ ਓਹ ਲਿਆ ਨਾ ਸੱਕੇ ਅਰ ਆਦਮੀ ਅਤੇ ਡੰਗਰ ਉੱਤੇ ਜੂੰਆਂ ਹੀ ਜੂੰਆਂ ਸਨ।
[19]ਤਾਂ ਜਾਦੂਗਰਾਂ ਨੇ ਫ਼ਿਰਊਨ ਨੂੰ ਆਖਿਆ ਭਈ ਏਹ ਤਾਂ ਪਰਮੇਸ਼ੁਰ ਦੀ ਉਂਗਲ ਹੈ ਪਰ ਜਿਵੇਂ
ਯਹੋਵਾਹ ਬੋਲਿਆ ਸੀ ਫ਼ਿਰਊਨ ਦਾ ਮਨ ਕਠੋਰ ਹੋ ਗਿਆ ਅਰ ਉਸ ਨੇ ਉਨ੍ਹਾਂ ਦੀ ਨਾ ਸੁਣੀ।**

**ਆਇਤਾਂ 16, 17.** ਫ਼ਿਰਊਨ ਦੁਆਰਾ ਮਨ ਕਠੋਰ ਕਰਨ ਦੇ ਸਿੱਟੇ ਵਜੋਂ, ਪਰਮੇਸ਼ੁਰ ਨੇ ਤੀਸਰੀ ਬਵਾ, **ਜੂੰਆਂ** ਦੀ ਬਵਾ ਭੇਜੀ, ਜਿਸ ਨੇ **ਆਦਮੀ ਅਤੇ ਡੰਗਰ** ਦੋਵਾਂ ਨੂੰ ਪ੍ਰਭਾਵਿਤ ਕੀਤਾ। ਇਬਰਾਨੀ ਸ਼ਬਦ ਜਿਸ ਦਾ ਅਨੁਵਾਦ "ਜੂੰਆਂ" ਕੀਤਾ ਗਿਆ ਹੈ ਉਹ NASB ਵਿਚ כֵּן (*ਕੇਨ*) ਤੋਂ ਹੈ। ਅਸਲ ਵਿਚ ਇਸ ਸ਼ਬਦ ਦੇ ਦੁਆਰਾ ਕਿਸ ਕੀੜੇ ਨੂੰ ਦਰਸਾਇਆ ਗਿਆ ਹੈ ਇਹ ਨਿਰਧਾਰਤ ਕਰਨਾ ਮੁਸ਼ਕਲ ਹੈ ਕਿਉਂਕਿ ਇਹ ਸ਼ਬਦ ਪੁਰਾਣੇ ਨੇਮ ਵਿਚ ਬਹੁਤ ਹੀ ਘੱਟ ਦਿਖਾਈ ਦਿੰਦਾ ਹੈ।[7] ਜਦਕਿ NASB ਤੋਂ ਇਲਾਵਾ ਕਈ ਅਨੁਵਾਦਾਂ ਨੇ "ਜੂੰਆਂ" ਅਨੁਵਾਦ ਕੀਤਾ ਹੈ (NRSV; NIV; ESV; NAB), ਹੋਰਨਾਂ ਨੇ *ਕੇਨ* ਦਾ ਅਨੁਵਾਦ "ਜੂੰ" (KJV; NKJV), "ਕੀੜੇ" (REB), ਅਤੇ "ਮੱਛਰ" (NJB) ਕੀਤਾ ਹੈ।

ਯਹੂਦੀ ਦਾਰਸ਼ਨਿਕ ਫਿਲੋ ਨੇ ਇਸ ਬਵਾ "ਜੂੰਆਂ" ਦਾ ਵਰਣਨ ਨਾਸਾਂ ਅਤੇ ਕੰਨਾਂ ਵਿਚ ਪ੍ਰਵੇਸ਼ ਕਰਨ ਦੇ ਨਾਲ ਨਾਲ ਉੱਡ ਕੇ ਅੱਖਾਂ ਵਿਚ ਪੈ ਜਾਣ ਅਤੇ ਅੱਖ ਦੀ ਪੁਤਲੀ ਘਾਇਲ ਕਰਨ ਵਾਲੇ ਦੇ ਰੂਪ ਵਿਚ ਕੀਤਾ ਹੈ।[8] ਆਰ. ਐਲੇਨ ਕੋਲ ਨੇ ਕਿਹਾ ਕਿ ਇਹ ਸ਼ਬਦ *ਕੇਨ* ਸ਼ਾਇਦ ਮੱਛਰਾਂ ਨੂੰ ਦਰਸਾਉਂਦਾ ਹੈ: "ਮੱਛਰ ਅਵਿਸ਼ਵਾਸਯੋਗ ਸੰਖਿਆ ਵਿਚ ਪ੍ਰਜਨਨ ਕਰਣਗੇ; ਜਦੋਂ ਹਿਲਾਏ ਜਾਣਗੇ ਤਾਂ ਇੱਕ ਕਾਲੇ ਬੱਦਲ ਦੀ ਤਰ੍ਹਾਂ ਉੱਠਣਗੇ, ਅਤੇ ਹਵਾ ਉਸ ਦੀ ਭੀਂ-ਭੀਂ ਕਰਨ ਨਾਲ ਭਰੀ ਜਾਂਦੀ ਸੀ।"[9] ਬਵਾ ਵਿਚ ਜੋ ਵੀ ਸ਼ਾਮਲ ਸੀ, ਪਰ ਕੀੜੇ ਅਣਗਿਣਤ ਅਤੇ **ਮਿਸਰ ਦੇ ਸਾਰੇ ਦੇਸ ਵਿਚ** ਫੈਲੇ ਹੋਏ ਸਨ। "ਸਾਰੇ" ਦਾ ਅਰਥ ਜ਼ਰੂਰੀ ਇਹ ਨਹੀਂ ਹੈ ਕਿ ਕੀੜੇ ਮਿਸਰ ਦੇ ਖੇਤਰ ਦੇ ਹਰ ਵਰਗ ਫੁੱਟ ਨੂੰ ਪ੍ਰਭਾਵਿਤ ਕਰਦੇ ਹਨ; ਇਸ ਦੀ ਬਜਾਇ, ਇਹ ਸ਼ਬਦ ਦੱਸਦਾ ਹੈ ਕਿ ਜੂੰਆਂ (ਜਾਂ ਮੱਛਰ) ਪੂਰੇ ਦੇਸ ਵਿਚ ਫੈਲੇ ਹੋਏ ਸਨ।

**ਆਇਤਾਂ 18, 19.** ਇਸ ਬਿੰਦੂ ਤੇ, **ਜਾਦੂਗਰ** ਮੂਸਾ ਨਾਲ ਮਿਲਦਾ-ਜੁਲਦਾ ਚਮਤਕਾਰ ਕਰਨ ਦੇ ਲਈ ਹਾਜਰ ਹੋਏ। ਪਰ, ਉਹ **ਜੂੰਆਂ** ਪੈਦਾ ਨਹੀਂ ਕਰ ਸਕੇ। ਇਸ ਲਈ, ਉਨ੍ਹਾਂ ਨੇ ਸਿੱਟਾ ਕੱਢਿਆ ਕਿ ਮੂਸਾ ਇਕ ਜਾਦੂਗਰ ਤੋਂ ਵੱਧ ਕੇ ਸੀ ਅਤੇ ਜੋ ਉਹ ਕਰ ਰਿਹਾ ਸੀ ਉਹ ਇਕ ਜਾਦੂ ਦੇ ਕਰਤੱਬ ਤੋਂ ਵੱਧ ਕੇ ਸੀ। ਮੂਸਾ ਦੇ ਚਮਤਕਾਰ ਅਸਲੀ ਹੁੰਦੇ ਸਨ।

ਪ੍ਰਸੰਗ ਤੋਂ ਇਹ ਪਤਾ ਲੱਗਦਾ ਹੈ ਕਿ ਬਵਾ ਤੋਂ ਬਾਅਦ ਫ਼ਿਰਊਨ ਦੇ ਦੁਆਰਾ ਇੱਕ ਸਭਾ ਬੁਲਾਈ ਗਈ, ਜਿਸ ਵਿਚ ਉਸ ਨੇ ਆਪਣੇ ਸਲਾਹਕਾਰਾਂ ਨੂੰ ਪੁੱਛਿਆ ਕੀ ਮੈਂ ਮੂਸਾ ਦੀਆਂ ਮੰਗਾਂ ਨੂੰ ਪੂਰਾ ਕਰਾਂ ਕਿ ਨਾ। ਜਾਦੂਗਰਾਂ ਨੂੰ ਇਸ ਸਭਾ ਵਿਚ ਬੁਲਾਇਆ ਗਿਆ ਸੀ ਅਤੇ ਉਨ੍ਹਾਂ ਨੇ **ਫ਼ਿਰਊਨ** ਨੂੰ, ਇਹ ਕਹਿੰਦੇ ਹੋਏ ਸਲਾਹ ਦਿੱਤੀ, **ਏਹ ਤਾਂ ਪਰਮੇਸ਼ੁਰ ਦੀ ਉਂਗਲ ਹੈ।** ਹੋਰਨਾਂ ਸ਼ਬਦਾਂ ਵਿਚ, ਉਨ੍ਹਾਂ ਨੇ ਕਿਹਾ, ਇਹ ਅਸਲੀ ਚੀਜ਼ ਹੈ; ਇਹ ਸਿਰਫ ਇੱਕ ਕਰਤੱਬ ਨਹੀਂ ਹੈ। ਇਸ ਦਾ ਅਰਥ ਇਹ ਸੀ ਕਿ ਫ਼ਿਰਊਨ ਨੂੰ ਮੂਸਾ ਅਤੇ ਹਾਰੂਨ ਦੀ ਗੱਲ ਸੁਣਨੀ ਚਾਹੀਦੀ ਸੀ, ਕਿਉਂਕਿ ਉਹ ਸੱਚਮੁੱਚ

ਪਰਮੇਸ਼ੁਰ ਵੱਲੋਂ ਆਏ ਹਨ ਜੋ ਚਮਤਕਾਰ ਕਰਦਾ ਹੈ।

ਭਾਵ "ਪਰਮੇਸ਼ੁਰ ਦੀ ਉਂਗਲ" ਉਸ ਦੇ "ਸ਼ਕਤੀਸ਼ਾਲੀ ਹੱਥ" ਅਤੇ "ਬਾਂਹ" ਨਾਲ ਸੰਬੰਧ ਰੱਖਦਾ ਹੈ (3:19 ਤੇ ਟਿੱਪਣੀਆਂ ਵੇਖੋ)। ਭਾਵੇਂ ਪਰਮੇਸ਼ੁਰ ਇਕ ਆਤਮਕ ਪ੍ਰਾਣੀ ਹੈ, ਪਰ ਲੋਕਾਂ ਨੂੰ ਬੇਹਤਰ ਤਰੀਕੇ ਨਾਲ ਸਮਝਾਉਣ ਵਿਚ ਮਦਦ ਕਰਨ ਦੇ ਲਈ ਉਸ ਦਾ ਵਰਣਨ ਮਨੁੱਖੀ ਸ਼ਬਦਾਂ ਵਿਚ ਕੀਤਾ ਗਿਆ ਹੈ। ਪਰਮੇਸ਼ੁਰ ਦੀ ਉਂਗਲ ਦੀ ਸ਼ਕਤੀ ਰਚਨਾ ਦੇ ਵਿਚ (ਜ਼ਬੂਰ 8:3), ਅਤੇ ਪੱਥਰ ਦੀਆਂ ਪੱਟੀਆਂ ਉੱਤੇ ਦਸਾਂ ਹੁਕਮਾਂ ਨੂੰ ਲਿਖਣ ਵਿਚ (ਕੂਚ 31:18; ਬਿਵਸਥਾ ਸਾਰ 9:10), ਅਤੇ ਯਿਸੂ ਦੁਆਰਾ ਦੁਸ਼ਟਾਤਮਾਵਾਂ ਨੂੰ ਕੱਢਣ ਵਿਚ ਲੱਗੀ ਹੈ (ਲੂਕਾ 11:20)।

**ਫ਼ਿਰਊਨ** ਨੇ ਜਾਦੂਗਰਾਂ ਦੀ ਸਲਾਹ ਤੇ ਧਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਫਿਰ ਤੋਂ ਆਪਣਾ **ਮਨ ਕਠੋਰ** ਕਰ ਲਿਆ, ਜਿਸ ਦੇ ਸਿੱਟੇ ਵਜੋਂ ਇਸਰਾਏਲ ਨੂੰ ਇਕ ਵਾਰ ਫਿਰ ਆਪਣੀ ਗੁਲਾਮੀ ਦੀ ਧਰਤੀ ਵਿਚੋਂ ਬਾਹਰ ਨਿਕਲਣ ਤੋਂ ਮਨਾ ਕੀਤਾ ਗਿਆ ਸੀ। ਤੀਸਰੀ ਬਵਾ ਨੂੰ ਹਟਾਉਣ ਦੇ ਲਈ ਕੁਝ ਵੀ ਨਹੀਂ ਕਿਹਾ ਗਿਆ ਸੀ। ਜੂੰਆਂ, ਜਾਂ ਮੱਛਰ, ਇਕ ਅਸਥਾਈ ਸਮੱਸਿਆ ਸੀ ਜੋ ਆਪਣੇ ਆਪ ਹੱਲ ਹੋ ਸਕਦੀ ਸੀ। ਜਿਵੇਂ ਪਰਮੇਸ਼ੁਰ ਨੇ ਥੋੜੇ ਸਮੇਂ ਦੇ ਲਈ ਨੀਲ ਦਰਿਆ ਨੂੰ ਲਹੂ ਵਿਚ ਬਦਲਿਆ ਸੀ, ਉਸ ਨੇ ਜੂੰਆਂ ਦੀ ਬਵਾ ਨੂੰ ਅਸਥਾਈ ਤੌਰ ਤੇ ਮਿਸਰ ਤੇ ਭੇਜਿਆ ਸੀ।

## ਮੱਖਾਂ ਦੀ ਬਵਾ (8:20-32)

### ਮਿਸਰ ਵਿਚ ਮੱਖਾਂ ਦੇ ਝੁੰਡ (8:20-24)

**[20]ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, ਸਵੇਰ ਦੇ ਵੇਲੇ ਉੱਠ ਕੇ ਫ਼ਿਰਊਨ ਦੇ ਸਨਮੁਖ ਜਾ ਖੜਾ ਹੋ। ਵੇਖ ਉਹ ਪਾਣੀ ਵੱਲ ਬਾਹਰ ਜਾਂਦਾ ਹੈ ਅਰ ਤੂੰ ਉਸ ਨੂੰ ਆਖੀਂ, ਯਹੋਵਾਹ ਐਉਂ ਫ਼ਰਮਾਉਂਦਾ ਹੈ, ਮੇਰੀ ਪਰਜਾ ਨੂੰ ਜਾਣ ਦੇਹ ਤਾਂ ਜੋ ਉਹ ਮੇਰੀ ਉਪਾਸਨਾ ਕਰੇ। [21]ਅਰ ਜੇ ਤੂੰ ਮੇਰੀ ਪਰਜਾ ਨੂੰ ਜਾਣ ਨਾ ਦੇਵੇਂਗਾ ਤਾਂ ਵੇਖ ਮੈਂ ਤੇਰੇ ਅਰ ਤੇਰੇ ਟਹਿਲੂਆਂ ਅਰ ਤੇਰੀ ਰਈਅਤ ਉੱਤੇ ਤੇਰੇ ਘਰਾਂ ਵਿੱਚ ਮੱਖਾਂ ਦੇ ਝੁੰਡ ਘੱਲ ਰਿਹਾ ਹਾਂ ਅਰ ਮਿਸਰ ਦੇ ਘਰ ਮੱਖਾਂ ਦੇ ਝੁੰਡਾਂ ਨਾਲ ਭਰ ਜਾਣਗੇ ਅਤੇ ਉਹ ਭੋਂ ਭੀ ਜਿੱਥੇ ਓਹ ਹਨ। [22]ਤਾਂ ਮੈਂ ਉਸ ਦਿਨ ਗੋਸ਼ਨ ਦੀ ਧਰਤੀ ਨੂੰ ਜਿੱਥੇ ਮੇਰੀ ਪਰਜਾ ਵੱਸਦੀ ਹੈ ਅੱਡ ਰੱਖਾਂਗਾ ਤਾਂ ਜੋ ਉੱਥੇ ਮੱਖਾਂ ਦੇ ਝੁੰਡ ਨਾ ਹੋਣ ਤਾਂ ਜੋ ਤੂੰ ਜਾਣੇਂ ਕਿ ਧਰਤੀ ਉੱਤੇ ਮੈਂ ਹੀ ਯਹੋਵਾਹ ਹਾਂ। [23]ਸੋ ਮੈਂ ਅਪਣੀ ਪਰਜਾ ਅਰ ਤੇਰੀ ਰਈਅਤ ਵਿੱਚ ਨਖੇੜਾ ਪਾਵਾਂਗਾ ਅਰ ਏਹ ਨਿਸ਼ਾਨ ਭਲਕੇ ਤੀਕ ਹੋਵੇਗਾ। [24]ਤਾਂ ਯਹੋਵਾਹ ਨੇ ਏਵੇਂ ਹੀ ਕੀਤਾ ਅਰ ਮੱਖਾਂ ਦੇ ਝੁੰਡਾਂ ਦੇ ਝੁੰਡ ਫ਼ਿਰਊਨ ਦੇ ਮਹਿਲ ਵਿੱਚ ਅਰ ਉਸ ਦੇ ਟਹਿਲੂਆਂ ਦੇ ਘਰਾਂ ਵਿੱਚ ਆਏ ਅਤੇ ਮਿਸਰ ਦੇ ਸਾਰੇ ਦੇਸ ਵਿੱਚ ਧਰਤੀ ਮੱਖਾਂ ਦੇ ਝੁੰਡਾਂ ਦੇ ਕਾਰਨ ਨਾਸ਼ ਹੋ ਗਈ।**

**ਆਇਤ 20. ਫ਼ਿਰਊਨ** ਦੁਆਰਾ ਮਨ ਨੂੰ ਬਦਲ ਲਿਆ ਅਤੇ ਇਸਰਾਏਲ ਦੇ ਲੋਕਾਂ ਨੂੰ ਚਲੇ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ, ਇਸ ਲਈ ਪਰਮੇਸ਼ੁਰ ਨੇ ਚੌਥੀ ਬਵਾ ਭੇਜੀ। ਉਸ ਨੇ **ਮੂਸਾ** ਨੂੰ ਨਿਰਦੇਸ਼ ਦਿੱਤਾ ਕਿ **ਸਵੇਰ ਦੇ ਵੇਲੇ ਉੱਠ ਕੇ** ਰਾਜੇ ਦੇ ਸਨਮੁਖ ਜਾ ਖੜਾ ਹੋ **ਉਹ ਪਾਣੀ ਵੱਲ ਬਾਹਰ ਜਾਂਦਾ ਹੈ**, ਜਿਵੇਂ ਉਸ ਨੇ ਪਹਿਲੀ ਬਵਾ ਦੇ ਸਮੇਂ ਕੀਤਾ ਸੀ (7:15)। ਮੂਸਾ ਨੂੰ ਸੱਤਵੀਂ ਬਵਾ ਤੋਂ ਪਹਿਲਾਂ ਵੀ "ਸਵੇਰੇ ਉੱਠ ਕੇ" ਜਾਣ ਲਈ ਕਿਹਾ ਗਿਆ ਸੀ (9:13)। ਪਰਮੇਸ਼ੁਰ ਵੱਲੋਂ ਮੂਸਾ ਨੂੰ ਉਹੀ ਸੰਦੇਸ਼ ਦਿੱਤਾ ਗਿਆ ਸੀ ਜੋ ਪਹਿਲਾਂ ਦਿੱਤਾ ਗਿਆ ਸੀ: **ਮੇਰੀ ਪਰਜਾ ਨੂੰ ਜਾਣ ਦੇਹ।**

**ਆਇਤ 21.** ਸੰਦੇਸ਼ ਦੇ ਨਾਲ ਚੌਥੀ ਬਵਾ ਦੀ ਧਮਕੀ ਵੀ ਸੀ। ਜੇਕਰ ਫ਼ਿਰਊਨ ਨੇ ਸੁਣਨ ਤੋਂ ਇਨਕਾਰ ਕਰ ਦਿੱਤਾ, ਤਾਂ ਪਰਮੇਸ਼ੁਰ ਉਸ ਦੇ ਉੱਤੇ, ਉਸ ਦੇ ਅਧਿਕਾਰੀਆਂ, ਅਤੇ ਮਿਸਰੀਆਂ ਦੇ

ਉੱਤੇ **ਮੱਖਾਂ ਦੇ ਝੁੰਡ** (ਘੱਲੇਗਾ)। ਇਹ ਬਵਾ ਕੀ ਸੀ? ਮੂਲ ਲਿਖਤ ਵਿਚ ਸਿਰਫ "ਮੱਖਾਂ" (בֹרְעָ, *ਹੀਆਰੋਬ)* ਹੈ। NASB ਦੇ ਨਾਲ, ਬਹੁਤ ਸਾਰੇ ਅਨੁਵਾਦ ਮੰਨਦੇ ਹਨ ਕਿ ਅਰਥ "ਮੱਖਾਂ ਦੇ ਝੁੰਡ" ਹੈ (KJV; NKJV; NRSV; NIV; ESV; REB; NAB)। NJB ਇਸ ਸ਼ਬਦ ਦਾ ਅਰਥ "ਘੋੜਮੱਖੀਆਂ" ਕਰਦਾ ਹੈ। NASB ਦੇ ਕੁਝ ਸੰਸਕਰਣਾਂ ਵਿਚ "ਕੀੜਿਆਂ ਦੇ ਝੁੰਡ" ਹੈ। ਕੋਲ ਨੇ ਸੰਕੇਤ ਦਿੱਤਾ ਕਿ ਇਸ ਸ਼ਬਦ ਦਾ ਅਰਥ "ਮਿਸ਼ਰਣ" ਹੈ ਅਤੇ ਇਹ ਕੀੜਿਆਂ ਦੇ ਇੱਕ ਮਿਸ਼ਰਣ ਨੂੰ ਦਰਸਾਉਂਦਾ ਹੈ, "ਸਭ ਪ੍ਰਕਾਰ ਦੇ ਉੱਡਣ ਵਾਲੇ ਪ੍ਰਾਣੀਆਂ ਦੇ ਝੁੰਡ," ਪਰ ਇਹ ਵੀ ਕਿਹਾ ਗਿਆ ਹੈ ਕਿ ਇਸ ਦਾ ਅਰਥ ਇੱਕ ਜਾਤੀ ਹੈ, ਸੇਪਟੁਆਜਿੰਟ ਅਨੁਵਾਦ ਤੋਂ ਪਤਾ ਲੱਗਦਾ ਹੈ ਕਿ ਨੁਕਸਾਨ ਦੇਣ ਵਾਲੇ ਕੀੜੇ "ਆਧੁਨਿਕ ਗੋਮੱਖੀ ਜਾਂ ਘੋੜਮੱਖੀ" ਸੀ, ਜੋ ਬਹੁਤ ਬੁਰੀ ਤਰ੍ਹਾਂ ਕੱਟਦੀ ਸੀ।[10] ਬਾਅਦ ਵਿਚ ਭਜਨਕਾਰ ਨੇ ਲਿਖਿਆ ਕਿ ਪਰਮੇਸ਼ੁਰ ਨੇ "ਉਨ੍ਹਾਂ ਵਿੱਚ ਮੱਖਾਂ ਦੇ ਝੁੰਡ ਘੱਲੇ ਜਿਹੜੇ ਉਨ੍ਹਾਂ ਨੂੰ ਖਾ ਗਏ" (ਜ਼ਬੂਰਾਂ 78:45)। ਪ੍ਰਾਚੀਨ ਮਿਸਰੀ ਲੋਕਾਂ ਦੇ ਲਈ, ਕੱਟਣ ਵਾਲੀਆਂ ਮੱਖੀਆਂ ਨੇ ਕਠੋਰਤਾ ਅਤੇ ਜਿੱਦੀ ਹੋਣ ਦਾ ਸੰਕੇਤ ਦਿੱਤਾ। ਇੱਕ ਫੌਜ਼ੀ ਪਦਕ ਜਿਸ ਨੂੰ "ਆਰਡਰ ਆਫ਼ ਦ ਗੋਲਡਨ ਫਲਾਈ" ਜਾਂ "ਫਲਾਈ ਆਫ਼ ਵੈਲਰ" ਦੇ ਰੂਪ ਵਿਚ ਜਾਣਿਆ ਜਾਂਦਾ ਹੈ, ਯੁੱਧ ਵਿਚ ਬਹਾਦਰੀ ਦੇ ਲਈ ਆਪਣੇ ਸੈਨਿਕਾਂ ਨੂੰ ਦਿੱਤਾ ਗਿਆ ਸੀ।

**ਆਇਤਾਂ 22, 23.** ਬਵਾ ਨੇ, **ਗੋਸ਼ਨ ਦੀ ਧਰਤੀ** ਦੇ ਪਰਮੇਸ਼ੁਰ ਦੇ ਲੋਕਾਂ ਨੂੰ ਛੱਡ ਕੇ, ਮਿਸਰ ਦੇ ਹਰ ਵਿਅਕਤੀ ਅਤੇ ਹਰ ਸਥਾਨ ਤੇ ਪ੍ਰਭਾਵ ਪਾਇਆ ਸੀ, (ਉਤਪਤ 45:10; 47:27)। ਇਸ ਬਵਾ ਤੋਂ ਇਸਰਾਏਲੀਆਂ ਨੂੰ ਮੁਕਤ ਕਰਨ ਵਿਚ, ਪਰਮੇਸ਼ੁਰ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਕਿ ਉਹ ਆਪਣੇ ਲੋਕਾਂ ਅਤੇ ਮਿਸਰੀਆਂ ਵਿਚ ਫਰਕ ਕਰਦਾ ਹੈ। ਉਸ ਨੇ ਸਪੱਸ਼ਟ ਰੂਪ ਵਿਚ ਬਾਕੀ ਦੀਆਂ ਬਵਾਂ ਵਿਚ ਵੀ ਇਹੋ ਕੀਤਾ ਸੀ (9:4, 11, 26; 10:6, 23; 11:7)। ਮਿਸਰੀਆਂ ਨੂੰ ਸਜਾ ਦਿੰਦੇ ਸਮੇਂ, ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਬਚਾਇਆ। ਅਜਿਹਾ ਕਰਨ ਦੇ ਦੁਆਰਾ, ਉਸ ਨੇ ਆਪਣੀ ਹਜ਼ੂਰੀ ਤੇ ਜ਼ੋਰ ਦਿੱਤਾ: **ਧਰਤੀ ਉੱਤੇ ਮੈਂ ਹੀ ਯਹੋਵਾਹ ਹਾਂ**।

ਮੂਸਾ ਨੂੰ ਬਵਾ ਦੇ ਸ਼ੁਰੂ ਹੋਣ ਦਾ ਸਮਾਂ ਨਿਰਧਾਰਤ ਕਰਨਾ ਸੀ: **ਭਲਕੇ**। ਫਿਰ, ਜਦੋਂ ਇਹ ਵਾਪਰਿਆ, ਤਾਂ ਫ਼ਿਰਊਨ ਅਤੇ ਉਸ ਦੇ ਸੇਵਕਾਂ ਨੂੰ ਪਤਾ ਲੱਗਿਆ ਕਿ ਪ੍ਰਭੂ ਇਸ ਬਵਾ ਨੂੰ ਮਿਸਰ ਦੇ ਉੱਤੇ ਲਿਆਇਆ ਸੀ। "ਮੱਖਾਂ ਦੇ ਝੁੰਡਾਂ" ਨੂੰ ਸਿਰਫ ਸੰਯੋਗ ਦੇ ਰੂਪ ਵਿਚ ਨਹੀਂ ਵੇਖਿਆ ਜਾ ਸਕਦਾ ਸੀ।

**ਆਇਤ 24.** ਲੇਖਕ ਨੇ ਲਿਖਿਆ ਹੈ ਕਿ ਪਰਮੇਸ਼ੁਰ ਨੇ ਮੂਸਾ ਨੂੰ ਕੀ ਨਿਰਦੇਸ਼ ਦਿੱਤਾ ਸੀ ਕਿ ਉਹ ਫ਼ਿਰਊਨ ਨੂੰ ਕਹੇ ਅਤੇ ਫਿਰ ਬਵਾ ਦੇ ਆਉਣ ਤਕ ਉਹ ਨਹੀਂ ਗਿਆ। ਉਸ ਨੇ ਫ਼ਿਰਊਨ ਦੇ ਨਾਲ ਮੂਸਾ ਦੀ ਅਸਲੀ ਮੁਲਾਕਾਤ ਨੂੰ ਛੱਡ ਦਿੱਤਾ, ਜਦੋਂ ਮੂਸਾ ਨੇ ਫ਼ਿਰਊਨ ਨੂੰ ਪਰਮੇਸ਼ੁਰ ਦਾ ਵਚਨ ਪ੍ਰਸਤੁਤ ਕੀਤਾ ਸੀ ਅਤੇ ਰਾਜੇ ਨੇ ਸੁਣਨ ਤੋਂ ਇਨਕਾਰ ਕਰ ਦਿੱਤਾ ਸੀ। ਲੇਖਕ ਨੇ ਮੰਨ ਲਿਆ ਸੀ ਕਿ ਪਾਠਕ ਸਮਝ ਜਾਵੇਗਾ ਕਿ ਕੀ ਹੋਇਆ ਸੀ।

ਬਵਾ ਨੇ ਪਹਿਲਾਂ **ਫ਼ਿਰਊਨ ਦੇ ਮਹਿਲ**, ਅਤੇ ਫਿਰ **ਉਸ ਦੇ ਟਹਿਲੂਆਂ** ["ਅਧਿਕਾਰੀ"; NIV] **ਦੇ ਘਰਾਂ** ਨੂੰ ਪ੍ਰਭਾਵਿਤ ਕੀਤਾ। ਇਹ ਤੱਥ ਨੇ ਕਿ **ਸਾਰੇ ਦੇਸ ਵਿੱਚ ਧਰਤੀ ਮੱਖਾਂ ਦੇ ਝੁੰਡਾਂ ਦੇ ਕਾਰਨ ਨਾਸ਼ ਹੋ ਗਈ** ਕੁਝ ਟਿੱਪਣੀਕਾਰਾਂ ਨੂੰ ਉਨ੍ਹਾਂ "ਕੀੜਿਆਂ" ਨੂੰ ਪਹਿਚਾਣਨ ਵਿਚ ਮਦਦ ਕੀਤੀ ਜੋ ਸਿਰਫ ਕਸ਼ਟਦਾਇਕ ਹੀ ਨਹੀਂ ਸਗੋਂ ਛੂਤ ਦੀਆਂ ਬੀਮਾਰੀਆਂ ਫੈਲਾਉਣ ਵਾਲੇ ਵੀ ਸਨ, ਜਿਵੇਂ ਚਮੜੀ ਦਾ ਗਿਲਟੀ ਰੋਗ।[11]

### ਮੱਖਾਂ ਦਾ ਹਟਣਾ (8:25-32)

**[25]ਫ਼ਿਰਊਨ ਨੇ ਮੂਸਾ ਅਤੇ ਹਾਰੂਨ ਨੂੰ ਬੁਲਵਾ ਕੇ ਆਖਿਆ, ਤੁਸੀਂ ਜਾਓ ਅਰ ਆਪਣੇ**

**ਪਰਮੇਸ਼ੁਰ ਲਈ ਏਸੇ ਦੇਸ ਵਿੱਚ ਬਲੀ ਚੜ੍ਹਾਓ।
[26]ਤਾਂ ਮੂਸਾ ਨੇ ਆਖਿਆ, ਐਉਂ ਕਰਨਾ ਜੋਗ ਨਹੀਂ ਕਿਉਂ ਜੋ ਅਸੀਂ ਯਹੋਵਾਹ ਆਪਣੇ ਪਰਮੇਸ਼ੁਰ ਲਈ ਮਿਸਰੀਆਂ ਦੀਆਂ ਘਿਣਾਉਣੀਆਂ ਬਲੀਆਂ ਚੜ੍ਹਾਵਾਂਗੇ। ਵੇਖੋ ਜੇ ਅਸੀਂ ਮਿਸਰੀਆਂ ਦੀਆਂ ਅੱਖਾਂ ਦੇ ਅੱਗੇ ਘਿਣਾਉਣੀਆਂ ਬਲੀਆਂ ਚੜ੍ਹਾਈਏ ਤਾਂ ਕੀ ਓਹ ਸਾਨੂੰ ਪਥਰਾਓ ਨਾ ਕਰਨਗੇ?
[27]ਜਿਵੇਂ ਸਾਡਾ ਪਰਮੇਸ਼ੁਰ ਆਖੇਗਾ ਅਸੀਂ ਤਿੰਨਾਂ ਦਿਨਾਂ ਦਾ ਪੈਂਡਾ ਉਜਾੜ ਵਿੱਚ ਜਾਵਾਂਗੇ ਅਰ ਯਹੋਵਾਹ ਆਪਣੇ ਪਰਮੇਸ਼ੁਰ ਲਈ ਬਲੀਆਂ ਚੜ੍ਹਾਵਾਂਗੇ।
[28]ਤਾਂ ਫ਼ਿਰਊਨ ਨੇ ਆਖਿਆ, ਮੈਂ ਤੁਹਾਨੂੰ ਜਾਣ ਦੇਵਾਂਗਾ ਤਾਂ ਜੋ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਲਈ ਬਲੀਆਂ ਚੜ੍ਹਾਓ ਪਰ ਬਹੁਤ ਦੂਰ ਨਾ ਜਾਣਾ ਅਰ ਤੁਸਾਂ ਮੇਰੇ ਲਈ ਸਿਫਾਰਸ਼ ਕਰਨਾ।
[29]ਮੂਸਾ ਨੇ ਆਖਿਆ, ਵੇਖੋ ਮੈਂ ਤੁਹਾਡੇ ਕੋਲੋਂ ਬਾਹਰ ਜਾਂਦਾ ਹਾਂ। ਮੈਂ ਯਹੋਵਾਹ ਦੇ ਅੱਗੇ ਸਫ਼ਾਰਸ਼ ਕਰਾਂਗਾ ਕਿ ਮੱਖਾਂ ਦੇ ਝੁੰਡ ਫ਼ਿਰਊਨ ਤੋਂ ਅਰ ਉਸ ਦੇ ਟਹਿਲੂਆਂ ਤੋਂ ਅਰ ਉਸ ਦੀ ਰਈਅਤ ਤੋਂ ਭਲਕੇ ਹਟ ਜਾਣ ਪਰ ਫ਼ਿਰਊਨ ਫੇਰ ਧੋਖਾ ਨਾ ਕਰੇ ਭਈ ਉਹ ਪਰਜਾ ਨੂੰ ਯਹੋਵਾਹ ਲਈ ਬਲੀਆਂ ਚੜ੍ਹਾਉਣ ਨੂੰ ਨਾ ਜਾਣ ਦੇਵੇ।
[30]ਤਾਂ ਮੂਸਾ ਫ਼ਿਰਊਨ ਕੋਲੋਂ ਬਾਹਰ ਗਿਆ ਅਰ ਯਹੋਵਾਹ ਦੇ ਅੱਗੇ ਸਫ਼ਾਰਸ਼ ਕੀਤੀ।
[31]ਯਹੋਵਾਹ ਨੇ ਮੂਸਾ ਦੇ ਆਖਣ ਦੇ ਅਨੁਸਾਰ ਕੀਤਾ ਅਰ ਉਨ੍ਹਾਂ ਮੱਖਾਂ ਦੇ ਝੁੰਡਾਂ ਨੂੰ ਫ਼ਿਰਊਨ ਅਰ ਉਸ ਦੇ ਟਹਿਲੂਆਂ ਅਰ ਉਸ ਦੀ ਰਈਅਤ ਤੋਂ ਹਟਾ ਦਿੱਤਾ ਤਾਂ ਉੱਥੇ ਇੱਕ ਵੀ ਨਾ ਰਿਹਾ।
[32]ਪਰ ਫ਼ਿਰਊਨ ਨੇ ਐਤਕੀਂ ਦੀ ਵਾਰ ਵੀ ਆਪਣਾ ਮਨ ਪੱਥਰ ਕਰ ਲਿਆ ਅਰ ਪਰਜਾ ਨੂੰ ਜਾਣ ਨਾ ਦਿੱਤਾ।**

**ਆਇਤ 25. ਮੱਖਾਂ** ਦੇ ਝੁੰਡ ਨੇ ਫ਼ਿਰਊਨ ਨੂੰ ਇੰਨਾ ਪਰੇਸ਼ਾਨ ਕੀਤਾ ਕਿ, ਪਹਿਲੀ ਵਾਰ ਉਹ ਮੂਸਾ ਦੀਆਂ ਮੰਗਾਂ ਲਈ ਰਾਜੀ ਹੋ ਗਿਆ। ਉਸ ਨੇ **ਮੂਸਾ ਅਤੇ ਹਾਰੂਨ** ਨੂੰ ਬੁਲਵਾਇਆ ਅਤੇ ਉਨ੍ਹਾਂ ਨੂੰ **ਦੇਸ ਵਿਚ** ਇੱਕ ਧਾਰਮਿਕ ਛੁੱਟੀ ਲੈਣ ਦੀ ਇਜਾਜ਼ਤ ਦੇ ਦਿੱਤੀ। ਇਹ ਫ਼ਿਰਊਨ ਦੁਆਰਾ ਪ੍ਰਸਤਾਵਿਤ ਸਮਝੌਤਿਆਂ ਵਿਚੋਂ ਇੱਕ ਸੀ।

**ਆਇਤਾਂ 26, 27. ਮੂਸਾ** ਨੇ ਉੱਤਰ ਦਿੱਤਾ ਕਿ ਉਹ ਏਸੇ ਦੇਸ ਵਿਚ **ਪਰਮੇਸ਼ੁਰ ਲਈ ਬਲੀ** ਨਹੀਂ ਚੜ੍ਹਾ ਸਕਦੇ ਜੋ **ਮਿਸਰੀਆਂ ਦੀਆਂ ਘਿਣਾਉਣੀਆਂ ਬਲੀਆਂ** ਸਨ (ਵੇਖੋ ਉਤਪਤ 43:32; 46:34)। ਕੋਲ ਨੇ ਟਿੱਪਣੀ ਕੀਤੀ, "ਮੂਸਾ ਨੇ ਇਸ ਆਧਾਰ ਤੇ ਮਨਾ ਕਰ ਦਿੱਤਾ ਸੀ ਕਿਉਂਕਿ ਮਿਸਰ ਵਿਚ ਬਲੀਦਾਨ ਚੜ੍ਹਾਉਣਾ ਮੁਸਲਿਮ ਮਸਜਿਦ ਵਿਚ ਸੂਰ ਚੜ੍ਹਾਉਣ, ਜਾਂ ਇੱਕ ਹਿੰਦੂ ਮੰਦਰ ਵਿਚ ਗਾਂ ਨੂੰ ਮਾਰਨ ਦੇ ਸਮਾਨ ਸੀ ... ਇੱਕੋ ਵਾਰ ਵਿਚ ਦੰਗਾ-ਫ਼ਸਾਦ ਭੜਕ ਜਾਵੇਗਾ।"[12] ਜੇਮਜ਼ ਹੌਫ਼ਮੇਅਰ ਨੇ ਰਾਇ ਦਿੱਤੀ ਕਿ ਮਿਸਰੀਆਂ ਨੇ ਇਸਰਾਏਲ ਦੇ ਬਲੀਦਾਨ ਚੜ੍ਹਾਉਣ ਦੇ ਲਈ ਇਨ੍ਹਾਂ ਕਾਰਣਾਂ ਵਿਚੋਂ ਕਿਸੇ ਇਕ ਦੇ ਕਾਰਣ ਇਤਰਾਜ਼ ਕੀਤਾ ਹੋ ਸਕਦਾ ਹੈ: (1) ਹੋ ਸਕਦਾ ਹੈ ਉਨ੍ਹਾਂ ਨੇ ਪਸ਼ੂ ਦਾ ਬਲੀਦਾਨ ਚੜ੍ਹਾਉਣ ਤੋਂ ਇਤਰਾਜ਼ ਕੀਤਾ ਹੋਵੇ ਕਿਉਂਕਿ ਉਹ ਉਨ੍ਹਾਂ ਨੂੰ ਪਵਿੱਤਰ ਮੰਨਦੇ ਸਨ। (2) ਹੋ ਸਕਦਾ ਹੈ ਕਿ ਉਨ੍ਹਾਂ ਨੇ ਅਯਾਲੀਆਂ ਦੇ ਨਾਲ ਨਫ਼ਰਤ ਦੇ ਕਾਰਣ ਭੇਡਾਂ ਦੇ ਬਲੀਦਾਨ ਚੜ੍ਹਾਉਣ ਤੋਂ ਇਤਰਾਜ਼ ਕੀਤਾ ਹੋ ਸਕਦਾ ਹੋਵੇ (ਉਤਪਤ 46:34); ਜਾਂ (3) ਉਨ੍ਹਾਂ ਨੇ ਸ਼ਾਇਦ ਇਸਰਾਏਲੀਆਂ ਦੇ ਬਲੀਦਾਨ ਚੜ੍ਹਾਉਣ ਦੇ ਸੰਸਕਾਰਾਂ ਤੇ ਇਤਰਾਜ਼ ਕੀਤਾ ਹੋਵੇ।[13] ਇਤਰਾਜ਼ ਦਾ ਕਾਰਣ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਮੂਸਾ ਦੇ ਵਿਰੋਧ ਦਾ ਅਰਥ ਸੀ ਕਿ "ਇਕ ਮੂਰਤੀਪੂਜਕ ਦੇਸ ਵਿਚ ਯਹੋਵਾਹ ਦੇ ਸ਼ੁੱਧ ਬਲੀਦਾਨ ਚੜ੍ਹਾਉਣਾ ਯੋਗ ਨਹੀਂ ਹੋਵੇਗਾ।"[14] ਇਸ ਲਈ ਮੂਸਾ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਸਰਾਏਲ ਦੇ ਲੋਕ ਪ੍ਰਭੂ ਦੇ ਲਈ ਆਪਣੇ ਬਲੀਦਾਨ ਚੜ੍ਹਾਉਣ ਲਈ **ਤਿੰਨਾਂ ਦਿਨਾਂ ਦਾ ਪੈਂਡਾ ਉਜਾੜ ਵਿੱਚ** (ਜਾਣਗੇ)।

**ਆਇਤਾਂ 28, 29. ਫ਼ਿਰਊਨ** ਨੇ ਸਪੱਸ਼ਟ ਤੌਰ, ਸਿਰਫ ਇਹ ਕਹਿੰਦੇ ਹੋਏ ਕਿ ਬਹੁਤ ਦੂਰ ਨਾ ਜਾਣਾ, ਮੂਸਾ ਦੀਆਂ ਸ਼ਰਤਾਂ ਦੇ ਨਾਲ ਸਹਿਮਤੀ ਜਤਾਈ। ਫਿਰ ਫ਼ਿਰਊਨ ਨੇ **ਮੂਸਾ** ਨੂੰ ਕਿਹਾ ਕਿ ਉਹ **ਯਹੋਵਾਹ** ਨੂੰ ਮੱਖਾਂ ਹਟਾਉਣ ਲਈ ਬੇਨਤੀ ਕਰੇ। ਮੂਸਾ ਇਹ ਕਹਿੰਦੇ ਹੋਏ, ਸਹਿਮਤ ਹੋ

ਗਿਆ ਕਿ ਉਹ ਕੱਲ ਇਸ ਮਾਮਲੇ ਵੱਲ ਧਿਆਨ ਦੇਵੇਗਾ; ਪਰ ਉਸ ਨੇ ਇਹ ਵੀ ਕਿਹਾ ਕਿ **ਫ਼ਿਰਊਨ ਫੇਰ ਧੋਖਾ ਨਾ ਕਰੇ**, ਜਿਵੇਂ ਉਸ ਨੇ ਡੱਡੂਆਂ ਦੇ ਮਾਮਲੇ ਵਿਚ ਕੀਤਾ ਸੀ (8:8, 15)। ਹੋਰਨਾਂ ਸ਼ਬਦਾਂ ਵਿਚ, ਜਦੋਂ ਬਵਾ ਹਟਾ ਦਿੱਤੀ ਗਈ ਸੀ ਤਾਂ ਫ਼ਿਰਊਨ ਨੂੰ ਆਪਣੀ ਜ਼ੁਬਾਨ ਤੇ ਪੂਰਾ ਉਤਰਨਾ ਚਾਹੀਦਾ ਸੀ।

ਕੀ ਮੂਸਾ ਉਸ ਸਮੇਂ ਸੱਚ ਬੋਲ ਰਿਹਾ ਸੀ ਜਦੋਂ ਉਸ ਨੇ ਫ਼ਿਰਊਨ ਨੂੰ ਕਿਹਾ ਕਿ ਇਸਰਾਏਲ ਉਜਾੜ ਵਿਚ ਜਾਣਾ ਚਾਹੁੰਦਾ ਹੈ ਤਾਂ ਕਿ ਪਰਮੇਸ਼ੁਰ ਦੇ ਲਈ **ਬਲੀਆਂ** ਚੜ੍ਹਾਵੇ? ਇਸ ਸਵਾਲ ਦਾ ਇਕ ਉੱਤਰ ਇਹ ਹੈ ਕਿ, ਅਸਲ ਵਿਚ, ਇਸਰਾਏਲ ਦੇ ਲੋਕ ਉਜਾੜ ਵਿਚ ਤਿੰਨਾਂ ਦਿਨਾਂ ਦੇ ਪੈਂਡੇ ਤੇ ਗਏ ਸਨ (ਅਤੇ ਉਸ ਤੋਂ ਵੀ ਵੱਧ ਕੇ), ਅਤੇ ਉਨ੍ਹਾਂ ਨੇ ਪਰਮੇਸ਼ੁਰ ਨੂੰ ਬਲੀਦਾਨ ਚੜ੍ਹਾਇਆ ਸੀ। ਕੁਝ ਲੋਕ ਕਹਿ ਸਕਦੇ ਹਨ ਕਿ ਮੂਸਾ ਨੇ ਸੱਚ ਬੋਲਿਆ ਸੀ, ਭਾਵੇਂ ਇਹ ਪੂਰਾ ਸੱਚ ਨਹੀਂ ਸੀ। ਇਕ ਬੇਹਤਰ ਉੱਤਰ ਇਹ ਹੈ ਕਿ ਜੇਕਰ ਫ਼ਿਰਊਨ ਨੇ ਇਸਰਾਏਲ ਨੂੰ ਅਜਿਹਾ ਵਿਸ਼ੇਸ਼ ਅਧਿਕਾਰ ਦੇ ਦਿੱਤਾ ਸੀ, ਤਾਂ ਸ਼ਾਇਦ ਕੂਚ ਕਰਨਾ ਜ਼ਰੂਰੀ ਨਹੀਂ ਸੀ। ਪਰ, ਪਰਮੇਸ਼ੁਰ ਜਾਣਦਾ ਸੀ ਕਿ ਰਾਜਾ ਅਜਿਹਾ ਨਹੀਂ ਕਰੇਗਾ। ਇਸ ਲਈ, ਬੇਨਤੀ ਸਿਰਫ ਇਕ ਕਦਮ ਸੀ, ਜਿਸ ਨੇ ਦੂਸਰਿਆਂ ਦੇ ਨਾਲ ਮਿਲ ਕੇ, ਮਿਸਰ ਦੇ ਉੱਤੇ ਪਰਮੇਸ਼ੁਰ ਦੀ ਸੰਪੂਰਣ ਜਿੱਤ ਅਤੇ ਇਸਰਾਏਲ ਦੇ ਅਦਭੁੱਤ ਛੁਟਕਾਰੇ ਵੱਲ ਅੱਗੇ ਵੱਧਣਾ ਸੀ।

**ਆਇਤਾਂ 30-32.** ਇਸ ਮੌਕੇ ਦੇ ਮੂਸਾ ਦੁਆਰਾ ਫ਼ਿਰਊਨ ਦੇ ਸਾਹਮਣੇ ਹਾਜ਼ਰ ਹੋਣ ਦਾ ਉਹੀ ਸਿੱਟਾ ਨਿਕਲਿਆ ਜੋ ਡੱਡੂਆਂ ਦੀ ਬਵਾ ਦੇ ਪਿੱਛੋਂ ਨਿਕਲਿਆ ਸੀ (8:12-15)। **ਮੂਸਾ** ਨੇ ਪ੍ਰਾਰਥਨਾ ਕੀਤੀ, **ਯਹੋਵਾਹ** ਸੁਣੀ, ਅਤੇ ਬਵਾ ਨੂੰ **ਹਟਾ** ਦਿੱਤਾ ਗਿਆ ਸੀ। ਫਿਰ ਵੀ, ਫ਼ਿਰਊਨ ਨੇ **ਮਨ ਕਠੋਰ ਕਰ ਲਿਆ** ਅਤੇ ਇਸਰਾਏਲੀਆਂ ਨੂੰ ਮਿਸਰ ਤੋਂ ਜਾਣ ਦੀ ਇਜਾਜ਼ਤ ਨਾ ਦਿੱਤੀ। ਰਾਜਾ ਘਮੰਡੀ, ਬੇਰਹਿਮ, ਆਪ ਸੁਆਰਥੀ, ਅਤੇ ਧੋਖੇਬਾਜ਼ ਸੀ। ਉਹ ਨੇਮ ਨੂੰ ਤੋੜਣ ਵਾਲਾ ਸੀ। ਅਜਿਹੇ ਸ਼ਾਸਕ ਦੇ ਲਈ, ਕਿਸੇ ਦੇ ਮਨ ਵਿਚ ਦਯਾ ਨਹੀਂ ਹੋ ਸਕਦੀ - ਸਿਰਫ ਨਿਰਾਦਰ ਹੀ ਹੋਵੇਗਾ। ਕਹਾਣੀ ਪਾਠਕ ਨੂੰ ਫ਼ਿਰਊਨ ਦੀ ਆਖਰੀ ਹਾਰ ਲਈ ਤਿਆਰ ਰਹਿਣ ਦੇ ਲਈ ਤਿਆਰ ਕਰਦੀ ਹੈ।

# ਪ੍ਰਾਸੰਗਿਕਤਾ

### "ਮੇਰੀ ਪਰਜਾ ਨੂੰ ਜਾਣ ਦੇਹ" (8:1)

ਪਰਮੇਸ਼ੁਰ ਦੇ ਲੋਕ ਗ਼ੁਲਾਮੀ ਵਿਚ ਸਨ, ਪਰਮੇਸ਼ੁਰ ਨੇ ਆਪਣੇ ਬੁਲਾਰੇ ਮੂਸਾ ਦੇ ਦੁਆਰਾ ਮੰਗ ਕੀਤੀ, "ਮੇਰੀ ਪਰਜਾ ਨੂੰ ਜਾਣ ਦੇਹ" (8:1)। ਅੱਜ, ਬਹੁਤ ਸਾਰੇ ਲੋਕ ਬੰਧਨ ਵਿਚ ਹਨ। ਮਿਸਾਲ ਵਜੋਂ, ਗਰੀਬੀ, ਸ਼ਰਾਬ ਪੀਣ, ਨਸ਼ੇ ਖੋਰੀ, ਜਾਂ ਨਸਲੀ ਪੱਖ ਪਾਤ ਦੇ ਪ੍ਰਭਾਵਾਂ ਨੇ ਉਨ੍ਹਾਂ ਨੂੰ ਗ਼ੁਲਾਮ ਬਣਾਇਆ ਹੈ। ਅਜਿਹੇ ਲੋਕਾਂ ਨੂੰ ਆਜ਼ਾਦ ਹੋਣ ਦੀ ਲੋੜ ਹੈ! ਇਸ ਤੋਂ ਵੱਧ ਕੇ, ਪਰਮੇਸ਼ੁਰ ਉਨ੍ਹਾਂ ਨੂੰ ਆਜ਼ਾਦ ਕਰਨਾ ਚਾਹੁੰਦਾ ਹੈ।

ਅਸੀਂ ਉਸ ਦਾ ਕੰਮ ਕਰਨ ਦੇ ਲਈ ਪਰਮੇਸ਼ੁਰ ਦੇ ਏਜੰਟ ਹਾਂ। ਲੋਕਾਂ ਨੂੰ ਬੰਧਨ ਨੂੰ ਤੋਂ ਮੁਕਤ ਕਰਦੇ ਸਮੇਂ ਉਨ੍ਹਾਂ ਦੇ ਜੀਵਨਾਂ ਦੀਆਂ ਬੁਰਾਈਆਂ ਕਲੀਸੀਆ ਦਾ ਪ੍ਰਾਥਮਿਕ ਮਿਸ਼ਨ ਨਹੀਂ ਹੋਣਾ ਚਾਹੀਦਾ ਹੈ, ਇਹ ਸਾਡੇ ਮਿਸ਼ਨ ਦਾ ਹਿੱਸਾ ਹੋਣਾ ਚਾਹੀਦਾ ਹੈ। ਦੂਸਰਿਆਂ ਦੀ ਸਰੀਰਕ ਤੌਰ ਤੇ, ਸਮਾਜਿਕ ਤੌਰ ਤੇ, ਅਤੇ ਮਾਨਸਿਕ ਤੌਰ ਤੇ ਦੂਜਿਆਂ ਦੀ ਮਦਦ ਕਰਨਾ ਸਾਡੇ ਸਭਨਾਂ ਦੇ ਲਈ ਭਲਾਈ ਕਰਨ ਦਾ ਮੌਕਾ ਹੈ (ਗਲਾਤੀਆਂ 6:10)। ਇਸ ਵਿਚ ਅਨਾਥਾਂ ਅਤੇ ਵਿਧਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ (ਯਾਕੂਬ 1:27), ਦੂਸਰਿਆਂ ਦੇ ਨਾਲ ਉਹੋ ਜਿਹਾ ਵਿਹਾਰ ਕਰਨਾ ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਕਿ ਉਹ ਸਾਡੇ ਨਾਲ ਕਰਨ (ਮੱਤੀ 7:12), ਅਤੇ ਆਪਣੇ ਗੁਆਂਢੀਆਂ ਨੂੰ ਆਪਣੇ ਸਮਾਨ ਪਿਆਰ ਕਰਨਾ (ਮੱਤੀ 22:39) ਸ਼ਾਮਲ ਹੈ।

ਪਰ, ਸਭ ਤੋਂ ਮਹੱਤਵਪੂਰਣ, ਇਹ ਸਮਝਣਾ ਹੈ ਕਿ ਲੋਕ ਪਾਪ ਦੇ ਬੰਧਨ ਵਿਚ ਹਨ ਅਤੇ ਸਾਨੂੰ ਉਨ੍ਹਾਂ ਨੂੰ ਆਜ਼ਾਦ ਕਰਵਾਉਣ ਦੀ ਲੋੜ ਹੈ (ਰੋਮੀਆਂ 3:23; 6:23)। ਕਲੀਸੀਆ ਦਾ ਸਭ ਤੋਂ ਪ੍ਰਮੁੱਖ ਮਿਸ਼ਨ, ਮਸੀਹ ਦੇ ਨਾਮ ਵਿਚ, ਉਹ ਸਭ ਕੁਝ ਕਰਨਾ ਹੈ ਜੋ ਅਸੀਂ ਕਰ ਸਕਦੇ ਹਾਂ, ਤਾਂ ਕਿ ਜੋ ਲੋਕ ਪਾਪ ਅਤੇ ਸ਼ਤਾਨ ਦੇ ਬੰਧਨ ਵਿਚ ਹਨ ਉਨ੍ਹਾਂ ਨੂੰ ਆਜ਼ਾਦ ਕੀਤਾ ਜਾ ਸਕੇ (ਯੂਹੰਨਾ 8:34-36; ਇਬਰਾਨੀਆਂ 2:14, 15)। ਜਿਵੇਂ ਮੂਸਾ ਨੇ ਇਸਰਾਏਲ ਦੇ ਛੁਟਕਾਰੇ ਦੇ ਲਈ ਫ਼ਿਰਊਨ ਦੇ ਨਾਲ ਸੰਘਰਸ਼ ਕੀਤਾ, ਉਸੇ ਤਰ੍ਹਾਂ ਸਾਡਾ ਸੰਘਰਸ਼ ਵੀ ਲਗਾਤਾਰ ਚੱਲ ਰਿਹਾ ਹੈ, ਜਦੋਂ ਅਸੀਂ, ਪਰਮੇਸ਼ੁਰ ਦੇ ਨਾਮ ਵਿਚ ਮੰਗ ਕਰਦੇ ਹਾਂ, "ਮੇਰੀ ਪਰਜਾ ਨੂੰ ਜਾਣ ਦੇਹ" ਤਾਂ ਅਸੀਂ ਲੋਕਾਂ ਨੂੰ ਸ਼ਤਾਨ ਦੀ ਪਕੜ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ!

### ਬੇਮਿਸਾਲ ਪਰਮੇਸ਼ੁਰ (8:10)

8:10 ਨੂੰ ਇੱਕ ਪਾਠ ਦਾ ਇਸਤੇਮਾਲ ਕਰਕੇ ਬਹੁਤ ਸਾਰੇ ਪਾਠਾਂ ਨੂੰ ਵਿਕਸਤ ਕੀਤਾ ਜਾ ਸਕਦਾ ਹੈ।

(1) ਬਵਾਂ ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਦੇ ਨਾਲ ਪ੍ਰਦਰਸ਼ਿਤ ਕਰ ਦਿੱਤਾ ਕਿ ਮਿਸਰ ਦੇ ਦੇਵਤੇ ਲਾਇਕ ਨਹੀਂ ਸਨ ਕਿ ਉਨ੍ਹਾਂ ਦੀ ਤੁਲਨਾ ਯਹੋਵਾਹ ਪਰਮੇਸ਼ੁਰ ਦੇ ਨਾਲ ਕੀਤੀ ਜਾ ਸਕੇ। ਨਬੀਆਂ ਨੇ ਅਕਸਰ ਪ੍ਰਭੂ ਦੀ ਤੁਲਨਾ ਲੋਕਾਂ ਦੀਆਂ ਮੂਰਤੀਆਂ ਨਾਲ ਕਰਦੇ ਹੋਏ ਇਹੋ ਗੱਲ ਸਿਖਾਈ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ "ਪਰਮੇਸ਼ੁਰ ਯਹੋਵਾਹ ਵਰਗਾ ਕੋਈ ਨਹੀਂ ਹੈ।"

(2) ਸਾਡੇ ਕਦਮਾਂ ਨੂੰ ਦਿਸ਼ਾ ਦੇਣ, ਸਾਡੇ ਦੁੱਖਾਂ ਨੂੰ ਮਿਟਾਉਣ, ਸਾਡੇ ਜੀਵਨਾਂ ਨੂੰ ਬਰਕਤ ਦੇਣ, ਅਤੇ ਸਾਨੂੰ ਪਾਪ ਤੋਂ ਬਚਾਉਣ ਲਈ "ਪਰਮੇਸ਼ੁਰ ਯਹੋਵਾਹ ਵਰਗਾ ਕੋਈ ਨਹੀਂ ਹੈ।"

(3) ਦੂਸਰੀ ਸੰਭਾਵਨਾ ਪਰਮੇਸ਼ੁਰ ਦੇ ਗੁਣਾਂ ਉੱਤੇ ਧਿਆਨ ਲਾਉਣਾ ਹੈ: ਉਦਾਹਰਣ ਦੇ ਲਈ, ਪਵਿੱਤਰਤਾ, ਪ੍ਰੇਮ, ਜਾਂ ਕ੍ਰੋਧ ਵਿਚ, "ਪਰਮੇਸ਼ੁਰ ਯਹੋਵਾਹ ਵਰਗਾ ਕੋਈ ਨਹੀਂ ਹੈ।"

### ਪਰਮੇਸ਼ੁਰ ਪ੍ਰਾਰਥਨਾ ਦੇ ਉੱਤਰ ਦਿੰਦਾ ਹੈ (8:12, 13)

"ਮੂਸਾ ਨੇ ... ਯਹੋਵਾਹ ਦੇ ਅੱਗੇ ਦੁਹਾਈ ਦਿੱਤੀ," ਅਤੇ "ਯਹੋਵਾਹ ਨੇ ਮੂਸਾ ਦੇ ਆਖਣ ਦੇ ਅਨੁਸਾਰ ਕੀਤਾ" (8:12, 13)। ਜਦੋਂ ਧਰਮੀ ਲੋਕ ਪਰਮੇਸ਼ੁਰ ਅੱਗੇ ਦੁਹਾਈ ਦਿੰਦੇ ਹਨ, ਤਾਂ ਉਹ ਉਨ੍ਹਾਂ ਦੀ ਸੁਣਦਾ ਹੈ (ਮੱਤੀ 7:7, 8; ਯਾਕੂਬ 5:16)।

### ਸਭ ਤੋਂ ਖਤਰਨਾਕ ਬੀਮਾਰੀ: ਮਨ ਦਾ ਕਠੋਰ ਹੋਣਾ (8:15)

ਕੁਝ ਲੋਕ ਇੱਕ ਖਤਰਨਾਕ ਹਾਲਤ ਤੋਂ ਪੀੜਿਤ ਹੁੰਦੇ ਹਨ ਜਿਸ ਨੂੰ "ਧਮਨੀਆਂ ਦਾ ਸਖਤ ਹੋਣਾ" ਕਹਿੰਦੇ ਹਨ। ਇਸ ਸਥਿਤੀ ਦੇ ਲਈ ਡਾਕਟਰੀ ਸ਼ਬਦ "ਆਰਟੀਰੀਓਸਕਰੋਸਿਸ" ਹੈ, ਅਤੇ ਇਸ ਨੂੰ "ਇਕ ਪੁਰਾਣੀ ਬੀਮਾਰੀ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਜਿਸ ਵਿਚ ਧਮਨੀਆਂ ਦੇ ਮੋਟੇ ਹੋ ਜਾਣ ਦੇ ਕਾਰਣ ਲਹੂ ਦਾ ਸੰਚਾਰ ਰੁੱਕ ਜਾਂਦਾ ਹੈ।"[15] ਜਿਸ ਵਿਅਕਤੀ ਨੂੰ ਇਹ ਬੀਮਾਰੀ ਹੁੰਦੀ ਹੈ ਉਸ ਨੂੰ ਸਟ੍ਰੋਕ ਜਾਂ ਦਿਲ ਦਾ ਦੌਰਾ ਪੈਣ ਦਾ ਖਤਰਾ ਹੁੰਦਾ ਹੈ।

ਇਸ ਤੋਂ ਵੀ ਘਾਤਕ ਬੀਮਾਰੀ "ਮਨ ਦਾ ਕਠੋਰ ਹੋ ਜਾਣਾ" ਹੈ। ਫ਼ਿਰਊਨ ਨੂੰ ਇਹ ਪਰੇਸ਼ਾਨੀ ਸੀ। ਕੂਚ 8:15 ਕਹਿੰਦੀ ਹੈ ਕਿ ਫ਼ਿਰਊਨ ਨੇ "ਆਪਣਾ ਮਨ ਪੱਥਰ ਕਰ ਲਿਆ" ਅਤੇ ਪਰਮੇਸ਼ੁਰ ਦੇ ਸੰਦੇਸ਼ਵਾਹਕਾਂ ਦੀ "ਨਾ ਸੁਣੀ।" ਜਿਵੇਂ ਮੂਸਾ ਨੇ ਭਵਿੱਖਵਾਣੀ ਕੀਤੀ ਸੀ, ਪ੍ਰਭੂ ਨੇ ਹੁਣੇ ਹੁਣੇ ਹੀ ਮਿਸਰ ਦੀ ਧਰਤੀ ਤੇ ਡੱਡੂਆਂ ਦੀ, ਦੂਸਰੀ ਬਵਾ, ਭੇਜੀ ਸੀ। ਫ਼ਿਰਊਨ ਕੋਮਲ ਹੋ ਗਿਆ ਅਤੇ ਇਹ ਕਹਿੰਦੇ ਹੋਏ ਕਿ ਉਹ ਇਸਰਾਏਲ ਨੂੰ ਜਾਣ ਦੇਵੇਗਾ ਮੂਸਾ ਨੂੰ ਕਿਹਾ ਕਿ ਡੱਡੂਆਂ ਨੂੰ ਕੱਢ ਦੇਹ (8:8)। ਮੂਸਾ ਮੰਨ ਗਿਆ, ਫ਼ਿਰਊਨ ਨੇ ਸਮਾਂ ਦਿੱਤਾ, ਅਤੇ ਡੱਡੂ ਮਰ ਗਏ। ਪਰ, ਫ਼ਿਰਊਨ ਨੇ

ਆਪਣੇ ਵਚਨ ਦਾ ਸਤਿਕਾਰ ਨਹੀਂ ਕੀਤਾ; ਉਸ ਨੇ ਲੋਕਾਂ ਦੇ ਚਲੇ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਨੇ "ਉਸ ਦੇ ਮਨ ਨੂੰ ਕਠੋਰ ਕਰ ਦਿੱਤਾ।"

ਜਦੋਂ ਅਸੀਂ ਫ਼ਿਰਊਨ ਦੀ ਸਖਤ ਦਿਲੀ ਦੇ ਬਾਰੇ ਵਿਚਾਰ ਕਰਦੇ ਹਾਂ, ਤਾਂ ਅਸੀਂ ਇਸ ਗੱਲ ਵੱਲ ਧਿਆਨ ਦੇਵਾਂਗੇ, ਕਿ ਕਿਵੇਂ ਅੱਜ ਵੀ ਲੋਕ ਉਸ ਸਮੱਸਿਆ ਨਾਲ ਪੀੜਿਤ ਹੋ ਸਕਦੇ ਹਨ।

*ਫ਼ਿਰਊਨ ਦਾ ਮਨ ਕਠੋਰ ਕਿਵੇਂ ਹੋਇਆ ਸੀ?* ਕੂਚ ਦੀ ਪੁਸਤਕ ਕਈ ਵਾਰ ਕਹਿੰਦੀ ਹੈ ਕਿ ਫ਼ਿਰਊਨ ਨੇ ਆਪਣਾ ਮਨ ਪੱਥਰ ਕਰ ਲਿਆ (8:15), ਜਦਕਿ ਹੋਰਨਾਂ ਜਗਾਵਾਂ ਤੇ ਇਹ ਕਹਿੰਦਾ ਹੈ ਕਿ ਪਰਮੇਸ਼ੁਰ ਨੇ ਫ਼ਿਰਊਨ ਦੇ ਮਨ ਨੂੰ ਕਠੋਰ ਕਰ ਦਿੱਤਾ (4:21; 7:3; 9:12; 10:1)। ਕਿਹੜਾ ਸਹੀ ਹੈ? ਕੀ ਪਰਮੇਸ਼ੁਰ ਨੇ ਉਸ ਦੇ ਮਨ ਨੂੰ ਕਠੋਰ ਕਰ ਦਿੱਤਾ ਸੀ, ਜਾਂ ਉਸ ਨੇ ਆਪਣੇ ਮਨ ਨੂੰ ਆਪ ਕਠੋਰ ਕਰ ਲਿਆ ਸੀ? ਜੇਕਰ ਅਸੀਂ ਕਹਿੰਦੇ ਹਾਂ ਕਿ ਪਰਮੇਸ਼ੁਰ ਨੇ ਫ਼ਿਰਊਨ ਦੇ ਮਨ ਨੂੰ ਕਠੋਰ ਕਰ ਦਿੱਤਾ ਸੀ, ਤਾਂ ਕੀ ਇਸ ਦਾ ਅਰਥ ਇਹ ਹੈ ਕਿ ਫ਼ਿਰਊਨ ਦੀ ਆਪਣੀ ਕੋਈ ਇੱਛਾ ਨਹੀਂ ਸੀ, ਕਿ ਉਹ ਉਸ ਤੋਂ ਇਲਾਵਾ ਜੋ ਪਰਮੇਸ਼ੁਰ ਨੇ ਉਸ ਤੇ ਥੋਪਿਆ ਸੀ ਆਪਣੇ ਆਪ ਕੁਝ ਵੀ ਨਹੀਂ ਕਰ ਸਕਦਾ ਸੀ?

ਇਸ ਸਮੱਸਿਆ ਦਾ ਸਭ ਤੋਂ ਵਧੀਆ ਹੱਲ ਇਹ ਹੈ ਕਿ ਕੂਚ ਪਹਿਲਾਂ ਜ਼ੋਰ ਦੇ ਕੇ ਇਹ ਕਹਿੰਦਾ ਹੈ ਕਿ ਫ਼ਿਰਊਨ ਨੇ ਆਪਣੇ ਦਿਲ ਨੂੰ ਕਠੋਰ ਕਰ ਲਿਆ ਅਤੇ ਫਿਰ ਕਿਹਾ ਕਿ ਪਰਮੇਸ਼ੁਰ ਨੇ ਫ਼ਿਰਊਨ ਦੇ ਮਨ ਨੂੰ ਕਠੋਰ ਕਰ ਦਿੱਤਾ ਸੀ। ਦੋਵੇਂ 4:21 ਅਤੇ 7:3 ਬੋਲਦੇ ਹਨ ਕਿ ਪਰਮੇਸ਼ੁਰ ਭਵਿੱਖ ਵਿਚ ਕੀ ਕਰੇਗਾ; ਸਿਰਫ ਜਦੋਂ ਫ਼ਿਰਊਨ ਨੇ ਆਪਣੇ ਮਨ ਨੂੰ ਕਠੋਰ ਕਰ ਲਿਆ ਤਾਂ ਲਿਖਤ ਕਹਿੰਦੀ ਹੈ ਕਿ ਪਰਮੇਸ਼ੁਰ ਨੇ ਉਸ ਨੂੰ ਕਠੋਰ ਕਰ ਦਿੱਤਾ। ਹੋਰਨਾਂ ਸ਼ਬਦਾਂ ਵਿਚ, ਜਦੋਂ ਫ਼ਿਰਊਨ ਨੇ ਆਪਣੇ ਮਨ ਨੂੰ ਕਠੋਰ ਕਰ ਲਿਆ ਸੀ, ਫਿਰ ਪਰਮੇਸ਼ੁਰ ਨੇ ਉਸ ਨੂੰ ਹੋਰ ਵੀ ਕਠੋਰ ਕਰ ਦਿੱਤਾ। ਫ਼ਿਰਊਨ ਨੇ ਉਸ ਰਾਹ ਦੇ ਬਾਰੇ ਫ਼ੈਸਲਾ ਲਿਆ ਜੋ ਉਸ ਨੇ ਲੈਣਾ ਸੀ, ਪਰ ਸ਼ਾਇਦ ਪਰਮੇਸ਼ੁਰ ਨੇ ਉਸ ਨੂੰ ਉਸ ਰਾਹ ਤੇ ਧੱਕਾ ਦੇ ਦਿੱਤਾ। ਅਸੀਂ ਇਸ ਗੱਲ ਨੂੰ ਪੱਕਾ ਕਰ ਸਕਦੇ ਹਾਂ ਕਿ ਫ਼ਿਰਊਨ ਦੇ ਅੰਦਰ ਆਜ਼ਾਦ ਇੱਛਾ ਸੀ, ਜਿਵੇਂ ਸਾਡੇ ਵਿਚ ਹੁੰਦੀ ਹੈ। ਉਹ ਆਪਣੇ ਖੁਦ ਦੇ ਫ਼ੈਸਲਿਆਂ ਦੇ ਲਈ ਆਪ ਜ਼ਿੰਮੇਵਾਰ ਸੀ, ਅਤੇ ਪਰਮੇਸ਼ੁਰ ਉਸ ਨੂੰ ਆਪਣੀਆਂ ਚੋਣਾਂ ਦੇ ਲਈ ਜ਼ਿੰਮੇਵਾਰ ਠਹਿਰਾਵੇਗਾ।

ਜਦੋਂ ਅਸੀਂ ਹੋਰ ਧਿਆਨ ਨਾਲ ਵੇਖਦੇ ਹਾਂ ਕਿ ਜਦੋਂ ਫ਼ਿਰਊਨ ਨੇ ਆਪਣੇ ਦਿਲ ਨੂੰ ਕਠੋਰ ਬਣਾ ਲਿਆ, ਤਾਂ ਅਸੀਂ ਸਿੱਟਾ ਕੱਢਦੇ ਹਾਂ ਕਿ ਫ਼ਿਰਊਨ ਦੀ ਬੀਮਾਰੀ ਵਿਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹੋ ਗਈਆਂ ਸਨ: (1) ਜਿੱਦ ਅਤੇ ਕਠੋਰਤਾ, (2) ਪਰਮੇਸ਼ੁਰ ਦਾ ਵਚਨ ਸੁਣਨ ਤੋਂ ਇਨਕਾਰ ਕਰਨਾ, (3) ਉਸ ਦੇ ਵਚਨ ਦੀ ਸੱਚਾਈ ਦੇ ਬਹੁਤ ਸਾਰੇ ਸਬੂਤਾਂ ਨੂੰ ਸਵੀਕਾਰ ਨਾ ਕਰਨਾ, (4) ਘਮੰਡ ਅਤੇ ਹੰਕਾਰ, ਅਤੇ (5) ਲੋਕਾਂ ਦੇ ਪ੍ਰਤਿ ਹਮਦਰਦੀ ਦੀ ਕਮੀ।

*ਸਾਡਾ ਦਿਲ ਕਠੋਰ ਕਿਵੇਂ ਹੋ ਸਕਦਾ ਹੈ?* "ਸਖਤ ਦਿਲੀ" ਅੱਜ ਵੀ ਇਕ ਸਮੱਸਿਆ ਹੈ। ਨਵਾਂ ਨੇਮ ਕਹਿੰਦਾ ਹੈ ਕਿ ਕੁਝ ਲੋਕਾਂ ਦਾ ਅੰਤਹਕਰਨ "ਤੱਤੇ ਲੋਹੇ ਨਾਲ ਦਾਗਿਆ ਹੋਇਆ ਹੈ" (1 ਤਿਮੋਥਿਉਸ 4:2; KJV)। ਇਸ ਤੋਂ ਇਲਾਵਾ, ਇਹ ਉਨ੍ਹਾਂ ਲੋਕਾਂ ਦੀ ਗੱਲ ਕਰਦਾ ਹੈ ਜਿਨ੍ਹਾਂ ਨੇ ਆਪਣੇ ਦਿਲਾਂ ਨੂੰ ਕਠੋਰ ਕਰ ਲਿਆ (ਮਰਕੁਸ 6:52; ਰਸੂਲਾਂ ਦੇ ਕਰਤੱਬ 19:9) ਅਤੇ ਸਾਨੂੰ ਦਿਲ ਦੇ ਕਠੋਰ ਹੋਣ ਦੇ ਖਿਲਾਫ਼ ਚੇਤਾਵਨੀ ਦਿੰਦਾ ਹੈ (ਇਬਰਾਨੀਆਂ 3:8, 13, 15; 4:7)।

ਦੂਸਰਾ ਥੱਸਲੁਨੀਕੀਆਂ 2:10-12 ਵਿਚ ਕੁਝ ਲੋਕਾਂ ਦਾ ਵਰਣਨ ਹੈ ਜੋ "ਨਾਸ" ਹੋਣਗੇ ਕਿਉਂਕਿ "ਪਰਮੇਸ਼ੁਰ ਓਹਨਾਂ ਉੱਤੇ ਧੋਖੇ ਦਾ ਅਸਰ ਘੱਲਦਾ ਹੈ ਭਈ ਉਹ ਝੂਠ ਨੂੰ ਸੱਚ ਮੰਨਣ।" ਇਹ ਕਿਹੜੇ ਲੋਕ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਖੁਦ ਨਾਸ ਦੇ ਰਾਹ ਤੇ ਭੇਜਦਾ ਹੈ? ਇਹ ਉਹ ਲੋਕ ਹਨ ਜਿਨ੍ਹਾਂ ਨੇ "ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਓਹਨਾਂ ਦੀ ਮੁਕਤੀ ਹੋ ਜਾਂਦੀ" ਅਤੇ "ਸੱਚ ਨੂੰ ਨਾ ਮੰਨਿਆ ਸਗੋਂ ਕੁਧਰਮ ਉੱਤੇ ਪਰਸੰਨ ਰਹੇ।" ਹੋਰਨਾਂ ਸ਼ਬਦਾਂ ਵਿਚ, ਜੇਕਰ ਇੱਕ ਵਿਅਕਤੀ

ਸੱਚਾਈ ਨੂੰ ਪਿਆਰ ਨਹੀਂ ਕਰਦਾ ਅਤੇ ਨਾ ਹੀ ਉਸ ਤੇ ਵਿਸ਼ਵਾਸ ਕਰਦਾ ਹੈ ਪਰ ਕੁਧਰਮ ਵਿਚ ਅਨੰਦ ਰਹਿੰਦਾ ਹੈ, ਤਾਂ ਪਰਮੇਸ਼ੁਰ ਉਸ ਉੱਤੇ "ਧੋਖੇ ਦਾ ਅਸਰ" ਘੱਲ ਸਕਦਾ ਹੈ ਤਾਂ ਕਿ ਉਹ ਝੂਠ ਤੇ ਵਿਸ਼ਵਾਸ ਕਰੇ ਅਤੇ ਸਦੀਪਕਾਲ ਲਈ ਨਾਸ ਹੋ ਜਾਵੇ! ਜੇਕਰ ਅਸੀਂ, ਫ਼ਿਰਊਨ ਦੇ ਵਾਂਗ, ਜਾਣ-ਬੁੱਝ ਕੇ ਗਲਤ ਰਾਹ ਚੁਣਦੇ ਹਾਂ, ਤਾਂ ਪਰਮੇਸ਼ੁਰ ਉਸ ਨੂੰ ਚੁਣਨ ਤੋਂ ਸਾਨੂੰ ਰੋਕੇਗਾ ਨਹੀਂ। ਦਰਅਸਲ, ਉਹ ਸਾਨੂੰ ਸਾਡੇ ਰਾਹ ਤੇ ਤੇਜ਼ ਕਰੇਗਾ।

ਜੇ ਅਸੀਂ ਸੱਚਾਈ ਦੇ ਸਬੂਤ ਦੇ ਬਾਵਜੂਦ ਵੀ ਪਰਮੇਸ਼ੁਰ ਦੇ ਵਚਨ ਨੂੰ ਸੁਣਨ ਤੋਂ ਇਨਕਾਰ ਕਰਦੇ ਹਾਂ, ਤਾਂ ਸਾਡੇ ਮਨ ਕਠੋਰ ਹਨ। ਜੇਕਰ ਅਸੀਂ ਘਮੰਡ ਨਾਲ ਭਰੇ ਹੋਏ ਹਾਂ ਅਤੇ ਦੂਸਰਿਆਂ ਦੇ ਪ੍ਰਤਿ ਦਇਆ ਦੀ ਘਾਟ ਹੈ, ਤਾਂ ਅਸੀਂ ਫ਼ਿਰਊਨ ਦੇ ਸਮਾਨ ਹਾਂ।

*ਸਿੱਟਾ।* ਸਾਨੂੰ ਇਸ ਗੱਲ ਨੂੰ ਯਾਦ ਰੱਖਣਾ ਚਾਹੀਦਾ ਹੈ - ਕਿ ਦਿਲ ਨੂੰ ਸਖਤ ਕਰਨਾ ਧਮਨੀਆਂ ਦੇ ਸਖਤ ਹੋਣ ਤੋਂ ਵਧੇਰੇ ਖਤਰਨਾਕ ਹੈ ਕਿਉਂਕਿ ਇਹ *ਅਨੰਤ* ਮੌਤ ਵੱਲ ਲੈ ਜਾਂਦਾ ਹੈ! ਪਰਮੇਸ਼ੁਰ ਦਾ ਵਚਨ ਇੱਕ ਸਖਤ ਦਿਲ ਨੂੰ ਨਿਮਰ ਕਰ ਸਕਦਾ ਹੈ। ਸਲੀਬ ਅਤੇ ਮਸੀਹ ਦੀ ਕਹਾਣੀ ਜੋ ਸਾਡੇ ਲਈ ਮਰਿਆ ਉਸ ਦੀਵਾਰ ਨੂੰ ਤੋੜ ਸਕਦੀ ਹੈ ਜੋ ਸਾਡੇ ਅਤੇ ਪਰਮੇਸ਼ੁਰ ਦੀ ਕਿਰਪਾ ਦੇ ਵਿਚਕਾਰ ਖੜੀ ਕੀਤੀ ਗਈ ਹੈ। ਆਓ ਅਸੀਂ ਵਿਸ਼ਵਾਸ ਅਤੇ ਆਗਿਆਕਾਰੀ ਵਿਚ ਉਸ ਦੇ ਕੋਲ ਆਈਏ।

### "ਏਹ ਤਾਂ ਪਰਮੇਸ਼ੁਰ ਦੀ ਉਂਗਲ ਹੈ" (8:19)

ਜਦੋਂ ਮਿਸਰ ਦੇ ਜਾਦੂਗਰਾਂ ਨੇ ਕਿਹਾ, "ਏਹ ਤਾਂ ਪਰਮੇਸ਼ੁਰ ਦੀ ਉਂਗਲ ਹੈ" (8:19), ਤਾਂ ਉਹ ਪਰਮੇਸ਼ੁਰ ਨੂੰ ਜੂੰਆਂ ਦੇ ਸਰੋਤ ਦੇ ਰੂਪ ਵਿਚ ਸਵੀਕਾਰ ਕਰ ਰਹੇ ਸਨ। ਅਸੀਂ ਕਈ ਵਾਰ ਕੁਦਰਤੀ ਆਫ਼ਤਾਂ ਦੇ ਵਿਸ਼ੇ ਵਿਚ ਕਹਿੰਦੇ ਹਾਂ ਕਿ ਇਹ "ਪਰਮੇਸ਼ੁਰ ਦੇ ਕੰਮ" ਹਨ, ਪਰ ਕੀ ਹੋਰ ਚੀਜ਼ਾਂ ਜਿਨ੍ਹਾਂ ਦਾ ਅਸੀਂ ਅਨੁਭਵ ਕਰਦੇ ਹਾਂ ਉਹ ਵੀ "ਪਰਮੇਸ਼ੁਰ ਦੇ ਕੰਮ" ਹਨ? ਕੀ ਅਸੀਂ ਆਪਣੇ ਜੀਵਨਾਂ ਵਿਚ "ਪਰਮੇਸ਼ੁਰ ਦੀ ਉਂਗਲ" ਨੂੰ ਵੇਖਦੇ ਹਾਂ? ਸਾਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਡੇ ਸੰਸਾਰ ਵਿਚ ਕੰਮ ਕਰ ਰਿਹਾ ਹੈ। ਜਦੋਂ ਉਹ ਸਾਡੇ ਜੀਵਨਾਂ ਵਿਚ ਕੰਮ ਕਰਦਾ ਹੈ ਤਾਂ ਸਾਨੂੰ "ਪਰਮੇਸ਼ੁਰ ਦੀ ਉਂਗਲ" ਨੂੰ ਵੇਖਣਾ ਸਿੱਖਣਾ ਚਾਹੀਦਾ ਹੈ।

---

ਟਿੱਪਣੀਆਂ

[1]"ਤੰਦੂਰ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1986), 3:622. [2]ਐਡਰੀਅਨਸ ਵੈਨ ਸੈੱਲਮਸ, "ਰੋਟੀ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1979), 1:541. [3]ਉਸੇ ਸਥਾਨ ਤੇ। [4]ਮੂਸਾ ਦੀ ਪ੍ਰਾਰਥਨਾ ਦੇ ਵਿਸ਼ੇ ਵਿਚ ਪਰਮੇਸ਼ੁਰ ਦੀ ਪ੍ਰਤਿਕਿਰਿਆ ਦਾ ਵਰਣਨ ਕਰਨ ਦੇ ਲਈ ਲਗਭਗ ਉਨ੍ਹਾਂ ਸ਼ਬਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਨ੍ਹਾਂ ਦਾ ਇਸਤੇਮਾਲ ਮੂਸਾ ਦੁਆਰਾ ਪਰਮੇਸ਼ੁਰ ਦੀਆਂ ਆਗਿਆਵਾਂ ਦਾ ਪਾਲਣ ਕਰਨ ਦੇ ਸਮੇਂ ਕੀਤਾ ਜਾਂਦਾ ਸੀ (7:6, 10, 20)। [5]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 352. ਇਬਰਾਨੀ ਮੂਲ ਲਿਖਤ ਵਿਚ ਆਇਤ 15 ਨੂੰ ਆਇਤ 11 ਦੇ ਰੂਪ ਵਿਚ ਗਿਣਿਆ ਗਿਆ ਹੈ। [6]ਇਹਨਾਂ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਖਾਤਾ ਇਕ ਅੱਖੀਂ ਵੇਖਣ ਵਾਲੇ ਦੇ ਦੁਆਰਾ ਲਿਖਿਆ ਗਿਆ ਸੀ ਅਤੇ ਇਸੇ ਲਈ ਇਸ ਦੀ ਪ੍ਰਮਾਣਿਕਤਾ ਦਾ ਸਬੂਤ ਦਿੱਤਾ ਗਿਆ ਹੈ। [7]ਕੂਚ 8:16-18 ਦੇ ਨਾਲ ਨਾਲ, ਇਹ ਸ਼ਬਦ *ਕੇਨ* ਜ਼ਬੂਰਾਂ ਦੀ ਪੋਥੀ 105:31 ਵਿਚ ਪਰਗਟ ਹੁੰਦਾ ਹੈ, ਜੋ ਇਸ ਤੀਸਰੀ ਬਵਾ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਸ਼ਬਦ ਯਸਾਯਾਹ 51:6 ਵਿਚ ਵੀ ਪਾਇਆ ਜਾਂਦਾ ਹੈ; NIV ਨੇ ਇਸ ਹਵਾਲੇ ਵਿਚ ਸ਼ਬਦ "ਮੱਖੀਆਂ" ਪੇਸ਼ ਕੀਤਾ ਹੈ। [8]ਫਿਲੋ *ਅੱਨ ਦ ਲਾਇਫ਼ ਆਫ਼ ਮੋਜਸ* 1.19. [9]ਆਰ. ਐਲਨ ਕੋਲ, *ਐਕਸੋਡਸ: ਐਨ*

*ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡੋਨਰਸ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1973), 92-93. [10]ਕੋਲ, 93-94. ਵੇਖੋ ਫਿਲੋ *ਆੱਨ ਦ ਲਾਇਫ ਆਫ਼ ਮੋਜਸ* 1.23.

[11]ਜੋਨ ਐੱਚ. ਵਾਲਟਨ ਐਂਡ ਵਿਕਟਰ ਐੱਚ. ਮੈਥਿਊ, *ਜੇਨੇਸਿਸ-ਡਿਊਟਰੋਨੋਮੀ,* ਦ IVP ਬਾਈਬਲ ਬੈਕਗਰਾਊਂਡ ਕਮੈਂਟਰੀ (ਡੋਨਰਸ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1997), 92. [12]ਕੋਲ, 95. [13]ਜੇਮਸ ਕੇ. ਹੌਫ਼ਮਿਅਰ, "ਐਕਸੋਡਸ," *ਇੰਵੈਂਜਲੀਕਲ ਕਮੈਂਟਰੀ ਆੱਨ ਦ ਬਾਈਬਲ* ਵਿਚ, ਸੋਧ ਵਾਲਟਰ ਏ. ਐੱਲਵੈੱਲ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ ਹਾਊਸ, 1989), 46. [14]ਉਸੇ ਸਥਾਨ ਤੇ। [15]*ਦ ਅਮੈਰੀਕਨ ਹੈਰੀਟੇਜ਼ ਡਿਕਸ਼ਨਰੀ*, ਚੌਥਾ ਸੰਪਾਦਨ, s.v. "ਆਰਟੀਰੀਓਸਕਰੋਸਿਸ।"